ੴ


ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 101
ਨੰਬਰ 15

੧ ਤੋਂ ੧੫ ਅੱਸੂ ੨੦੭੮ ਬਿ.
16 to 30 Sep 2021

# ਸਤਿ ਜੁਗ



150 ਵਾਂ ਸ਼ਹੀਦੀ ਵਰ੍ਹਾ
1871 - 2021

10/-

# ਨਾਮਧਾਰੀ ਸਾਇਕਲਰਸ ਇਕ ਰਾਈਡ ਦੌਰਾਨ





# ਸਤਿਜੁਗ

੧ ਤੋਂ ੧੫ ਅੱਸੂ ੨੦੭੮ ਬਿ.

16 ਤੋਂ 30 ਸਤੰਬਰ 2021 ਈ.

ਜਿਲਦ 101, ਨੰਬਰ 15



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

**ਜਸਵੰਤ ਸਿੰਘ ਮਸਤ**
**ਗੁਰਲਾਲ ਸਿੰਘ**
**ਭਜਨ ਸਿੰਘ**



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***

**ਹਾਕਮ ਸਿੰਘ, ਯੁਵਰਾਜ ਸਿੰਘ**
**ਤਰਨ ਬੱਲ**



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


## ਤਤਕਰਾ


* ਸੰਪਾਦਕੀ- ਜਿਸ ਪੇ ਆਜ਼ਾਦੀ ਫਲੇਗੀ...
  ਜਸਵੰਤ ਸਿੰਘ ਮਸਤ.................................4
* ਗੁਰਬਾਣੀ ਵਿਆਖਿਆ......................................6
* ਜਗਤ ਮਾਤਾ – ਮਾਤਾ ਭੁਪਿੰਦਰ ਕੌਰ
  ਦਵਿੰਦਰ ਸਿੰਘ ਗਿੱਲ................................8
* ਅੰਮ੍ਰਿਤਸਰ ਦਾ ਸਾਕਾ – ਕਵੀਆਂ ਦੀ ਨਜ਼ਰ ਵਿੱਚ
  ਸੰਤ ਨਿਸ਼ਾਨ ਸਿੰਘ.................................11
* **Sesquicentennial of Kuka Martyrs of Amritsar**
  **Ajit Singh Namdhari............................19**
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ............................25
* **A Saga of Sri Satguru Jagjit Singh ji**
  **Dr. Sharada Jayagovind .........................28**
* ਅੰਮ੍ਰਿਤਸਰ ਦੇ ਸ਼ਹੀਦਾਂ ਦੀ ਵਾਰ
  ਪ੍ਰਿੰ. ਅਜੀਤ ਸਿੰਘ ਚੀਮਾ...........................30
* ਸੁੱਚੇ ਮੋਤੀ.................................................32
* ਬੱਚਿਆਂ ਦਾ ਪੰਨਾ...........................................33
* ਖ਼ਬਰਨਾਮਾ.................................................34



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਜਿਸ ਪੇ ਆਜ਼ਾਦੀ ਫਲੇਗੀ...

ਜਦੋਂ ਕੋਈ ਵੀ ਵਿਦੇਸ਼ੀ ਦੇਸ਼ ਦੂਸਰੇ ਦੇਸ਼ ਦੀ ਸੱਤਾ ਆਪਣੇ ਹੱਥਾਂ ਵਿਚ ਲੈਣੀ ਚਾਹੁੰਦਾ ਹੈ ਤਾਂ ਉਹ ਸਿਆਸੀ ਹਥਿਆਰਾਂ ਦੀ ਵਰਤੋਂ ਕਰਦਾ ਹੈ। ਸਭ ਤੋਂ ਪਹਿਲਾਂ ਤਾਂ ਕਿਸੇ ਲਾਲਚ ਜਾਂ ਸੈਨਾ ਦਾ ਡਰ ਦੇ ਕੇ ਵਿਰੋਧੀ ਨੂੰ ਸੰਧੀ ਲਈ ਮਨਾਇਆ ਜਾਂਦਾ ਹੈ। ਜੇਕਰ ਵਿਰੋਧੀ ਦੇਸ਼ ਨਾ ਮੰਨੇ ਤਾਂ ਫਿਰ ਸੈਨਾ ਨੂੰ ਤਿਆਰ ਕਰ ਕੇ ਹਮਲਾ ਕੀਤਾ ਜਾਂਦਾ ਹੈ। ਜੇ ਸੈਨਿਕ ਹਮਲੇ ਵਿੱਚ ਵੀ ਕਾਮਯਾਬੀ ਨਾ ਮਿਲੇ ਤਾਂ ਵਿਰੋਧੀ ਦੇਸ਼ ਦੇ ਲੋਕਾਂ ਅਤੇ ਲੀਡਰਾਂ ਵਿੱਚ ਫੁੱਟ ਪਾਈ ਜਾਂਦੀ ਹੈ। ਫੁੱਟ ਪਾ ਕੇ ਉਨ੍ਹਾਂ ਦੀ ਏਕਤਾ ਦੀ ਸ਼ਕਤੀ ਨੂੰ ਬਰਬਾਦ ਕਰਕੇ ਨਾਲ-ਨਾਲ ਕਈ ਵਾਰ ਹਮਲਾ ਵੀ ਕਰ ਦਿੱਤਾ ਜਾਂਦਾ ਹੈ। ਇਸ ਤਰੀਕੇ ਨਾਲ ਸੈਨਿਕ ਬਲ ਅਤੇ ਕੂਟਨੀਤੀ ਵਿੱਚ ਮਜ਼ਬੂਤ ਵਿਰੋਧੀ ਆਪਣਾ ਅਧਿਕਾਰ ਜਮਾ ਲੈਂਦੇ ਹਨ। ਕਬਜ਼ਾ ਕਰਨ ਤੋਂ ਬਾਅਦ ਵੀ ਉਹ ਸਥਾਨਕ ਕਬੀਲਿਆਂ ਜਾਂ ਲੋਕਾਂ ਨੂੰ ਆਪਸ ਵਿੱਚ ਲੜਾਉਂਦੇ ਰਹਿੰਦੇ ਹਨ ਤਾਂ ਜੋ ਉਹ ਕਦੀ ਵੀ ਇਕੱਠੇ ਹੋ ਕੇ ਵਿਦੇਸ਼ੀ ਸਰਕਾਰ ਵਿਰੁੱਧ ਅੰਦੋਲਨ ਖੜ੍ਹਾ ਕਰ ਕੇ ਉਸ ਨੂੰ ਸੱਤਾ ਤੋਂ ਬਾਹਰ ਨਾ ਕਰ ਦੇਣ। ਜਦੋਂ ਅੰਗਰੇਜ਼ ਭਾਰਤ ਆਇਆ ਤਾਂ ਉਸ ਨੇ ਵੀ ਇਹੋ ਨੀਤੀਆਂ ਅਪਣਾਈਆਂ। ਅੰਗਰੇਜ਼ ਸਾਰੇ ਭਾਰਤ ਉਪਰ ਕਬਜ਼ਾ ਕਰਨ ਤੋਂ ਬਾਅਦ ਹੀ ਪੰਜਾਬ ਉੱਪਰ ਕਬਜ਼ਾ ਕਰ ਸਕਿਆ। ਅੰਗਰੇਜ਼ ਪੰਜਾਬ ਨੂੰ ਜਦੋਂ ਸੈਨਿਕ ਬਲ ਨਾਲ ਨਾ ਜਿੱਤ ਸਕਿਆ ਤਾਂ ਉਸ ਨੇ ਪੰਜਾਬ ਦੇ ਲੀਡਰਾਂ ਵਿੱਚ ਫੁੱਟ ਪਾਈ। ਲਾਲ ਸਿੰਘ ਤੇ ਤੇਜ ਸਿੰਘ ਵਰਗਿਆਂ ਨੂੰ ਖ਼ਰੀਦਿਆ ਗਿਆ। ਨਤੀਜੇ ਵਜੋਂ ਫੁੱਟ ਦੇ ਹਥਿਆਰ ਨਾਲ ਅੰਗਰੇਜ਼ ਨੇ ਲਾਹੌਰ ਦਰਬਾਰ ਤਹਿਸ-ਨਹਿਸ ਕਰਕੇ ਪੰਜਾਬ 'ਤੇ ਕਬਜ਼ਾ ਕਰ ਲਿਆ। ਸੰਤ ਨਿਸ਼ਾਨ ਸਿੰਘ ਜੀ ਲਿਖਿਆ ਹੈ-

ਰੋ-ਰੋ ਕੇ ਰੁੱਖਾਂ ਬੁੱਢੇ ਰੁੱਖ ਤਾਈਂ ਆਖਿਆ ਸੀ,  
ਆ ਗਏ ਨੇ ਕੱਟਣ ਸਾਨੂੰ ਗੱਡੇ ਭਰ ਸਾਰ ਦੇ।  
ਉਸ ਕਿਹਾ ਹੀਰਿਓ ਵੇ ਕਾਹਨੂੰ ਘਬਰਾਂਵਦੇ ਓ  
ਧਰਤੀ ਦੇ ਪੁੱਤ ਕਦੇ ਹੌਂਸਲਾ ਨਹੀਂ ਹਾਰਦੇ।  
ਸਾਡੇ ਤਾਈਂ ਮਾਰੇ ਜ਼ਰਾ ਵੱਸ ਨਾ ਲੁਹਾਰ ਦੇ ਹੈ  
ਵੀਰ ਜੇ ਨਾ ਸਾਥੀ ਹੋਣ ਆਰੀ ਕਹੀ ਕੁਠਾਰ ਦੇ।  
ਰਾਜ-ਭਾਗ, ਘਰ-ਬਾਰ, ਕੁਲਾਂ ਬਰਬਾਦ ਹੋਈਆਂ,  
ਜਿੱਥੇ ਭੈੜੇ ਪੈਰ ਪੈ ਗਏ ਫੁੱਟ ਬਦਕਾਰ ਦੇ।

ਅੰਗਰੇਜ਼ ਨੇ ਪੰਜਾਬ 'ਤੇ ਕਬਜ਼ਾ ਤਾਂ ਕਰ ਲਿਆ ਪਰ ਉਸ ਲਈ ਸਭ ਤੋਂ ਵੱਡੀ ਮੁਸੀਬਤ ਸੀ ਹਿੰਦੂ ਸਿੱਖ ਤੇ ਮੁਸਲਮਾਨਾਂ ਦੀ ਏਕਤਾ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬ ਵਾਸੀਆਂ ਦੇ ਵਿੱਚ ਏਕਤਾ ਦੀਆਂ ਸਾਂਝਾਂ ਬਹੁਤ ਪੀਡੀਆਂ ਹੋ ਗਈਆਂ ਸਨ। ਉਨ੍ਹਾਂ ਦੇ ਭਾਈਚਾਰੇ 'ਚ ਦੁਫ਼ਾੜ ਪਾਉਣਾ ਅਸਾਨ ਕੰਮ ਨਹੀਂ ਸੀ। ਇਸ ਕਰਕੇ ਅੰਗਰੇਜ਼ ਨੂੰ ਡਰ ਸੀ ਕਿ ਪੰਜਾਬ ਵਾਸੀ ਇਕੱਠੇ ਹੋ ਕੇ ਮੈਨੂੰ (ਅੰਗ੍ਰੇਜ਼) ਪੰਜਾਬ ਵਿੱਚੋਂ ਕੱਢ ਦੇਣਗੇ। ਇਸ ਲਈ ਅੰਗਰੇਜ਼ ਨੇ ਸੋਚਣਾ ਸ਼ੁਰੂ ਕੀਤਾ

ਕਿ ਕਿਸ ਤਰੀਕੇ ਨਾਲ ਪੰਜਾਬ ਦੇ ਲੋਕਾਂ ਵਿੱਚ ਫੁੱਟ ਪਾਈ ਜਾਵੇ। ਇਸ ਸਭ ਲਈ ਉਸ ਨੇ ਪੰਜਾਬ ਦੇ ਲੋਕਾਂ ਨੂੰ ਆਮ ਨਾਗਰਿਕ ਦੇ ਤੌਰ 'ਤੇ ਵੇਖਣ ਦੀ ਬਜਾਏ ਹਿੰਦੂ, ਸਿੱਖ ਤੇ ਮੁਸਲਮਾਨ ਦੇ ਤੌਰ 'ਤੇ ਵੇਖਣਾ ਸ਼ੁਰੂ ਕੀਤਾ। ਧਰਮ ਦੇ ਆਧਾਰ 'ਤੇ ਹੀ ਸਰਕਾਰੀ ਨਿਯਮ ਬਣਨ ਲੱਗੇ। ਅੰਗਰੇਜ਼ ਹਰ ਧਰਮ ਦੇ ਆਗੂਆਂ ਨਾਲ ਵੱਖਰੇ-ਵੱਖਰੇ ਤੌਰ 'ਤੇ ਗੱਲ ਕਰਨ ਲੱਗਾ। ਧਰਮ ਦੇ ਆਧਾਰ 'ਤੇ ਸਰਕਾਰੀ ਸਹੂਲਤਾਂ ਵੀ ਦਿੱਤੀਆਂ ਜਾਣ ਲੱਗੀਆਂ। ਧਾਰਮਿਕ ਅਦਾਰਿਆਂ 'ਤੇ ਅੰਗਰੇਜ਼ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਾਬਜ਼ ਹੋਣ ਲੱਗਾ। ਫਿਰ ਵੀ ਜਦ ਲੋਕਾਂ ਵਿੱਚ ਬਹੁਤੀ ਫੁੱਟ ਨਾ ਪੈ ਸਕੀ ਤਾਂ ਅੰਗਰੇਜ਼ ਨੇ ਪੰਜਾਬ ਦੇ ਲੋਕਾਂ ਨੂੰ ਧਰਮ ਦੇ ਆਧਾਰ 'ਤੇ ਪਾੜਨ ਵਾਸਤੇ ਪਹਿਲਾਂ ਗਊ ਹੱਤਿਆ ਦੀ ਖੁੱਲ੍ਹ ਦਿੱਤੀ ਤੇ ਫੇਰ ਇਤਿਹਾਸਕ ਗੁਰਦੁਆਰਿਆਂ ਕੋਲ ਵੀ ਬੁੱਚੜਖਾਨੇ ਖੁੱਲ੍ਹਵਾ ਦਿੱਤੇ। ਇਸੇ ਸਿਲਸਿਲੇ ਵਿੱਚ ਹਰਿਮੰਦਰ ਸਾਹਿਬ (ਅੰਮ੍ਰਿਤਸਰ), ਗੁਰਦੁਆਰਾ ਟਾਹਲੀਆਣਾ ਸਾਹਿਬ (ਰਾਏਕੋਟ) ਤੇ ਫੇਰ ਮਲੇਰਕੋਟਲਾ, ਸ਼ਿਮਲਾ ਆਦਿ ਵਿਖੇ ਬੁੱਚੜਖਾਨੇ ਖੁਲ੍ਹਵਾਏ ਗਏ। ਬੁੱਚੜਖਾਨੇ ਖੋਲ੍ਹਣ ਲਈ ਪੰਜਾਬ ਦੇ ਮੁਸਲਮਾਨਾਂ ਨੂੰ ਪ੍ਰੇਰਿਆ ਗਿਆ, ਉਨ੍ਹਾਂ ਨੂੰ ਆਖਿਆ ਗਿਆ ਕਿ ਗਊ ਮਾਸ ਖਾਣਾ ਤੁਹਾਡਾ ਧਾਰਮਿਕ ਹੱਕ ਹੈ ਤੇ ਤੁਹਾਨੂੰ ਕੋਈ ਵੀ ਰੋਕ ਨਹੀਂ ਸਕਦਾ। ਸਰਕਾਰ ਨੇ ਕਿਹਾ ਕਿ ਅਸੀਂ ਤੁਹਾਡੀ ਪਿੱਠ 'ਤੇ ਹਾਂ ਤੇ ਤੁਸੀਂ ਬੇਝਿੱਜਕ ਹੋ ਕੇ ਬੁੱਚੜਖਾਨੇ ਖੋਲ੍ਹੋ ਤੇ ਗਲੀਆਂ ਬਾਜ਼ਾਰਾਂ ਦੇ ਵਿਚ ਘੁੰਮ ਫਿਰ ਕੇ ਗਊ ਮਾਸ ਵੇਚੋ। ਬੁੱਚੜਖਾਨਿਆਂ ਦੇ ਲਾਇਸੈਂਸ ਦਿੱਤੇ ਜਾਣ ਲੱਗੇ।

ਹੁਣ ਜਦ ਗੁਰਦੁਆਰਿਆਂ ਦੇ ਕੋਲ ਬੁੱਚੜਖਾਨੇ ਖੋਲ੍ਹੇ ਜਾਣ ਲੱਗੇ ਤਾਂ ਸ਼ਹਿਰਾਂ ਦੇ ਹਿੰਦੂ, ਸਿੱਖ ਤੇ ਮੁਸਲਮਾਨ ਆਪਸ ਵਿੱਚ ਲੜਨ ਲੱਗੇ, ਖ਼ਾਸ ਕਰ ਜੇ ਅੰਮ੍ਰਿਤਸਰ ਦੀ ਗੱਲ ਕਰੀਏ ਤਾਂ ਉੱਥੇ ਦੰਗਿਆਂ ਵਾਲਾ ਮਾਹੌਲ ਲਗਾਤਾਰ ਬਣਿਆ ਰਿਹਾ। ਛੋਟੇ ਮੋਟੇ ਦੰਗੇ ਤੇ ਝੜਪਾਂ ਤਾਂ ਕਈ ਵਾਰ ਹੋਈਆਂ ਕਿਉਂਕਿ ਇੱਲਾਂ, ਕਾਂ ਆਦਿ ਮਾਸ ਦੀਆਂ ਬੋਟੀਆਂ ਲਿਆ ਕੇ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਸੁੱਟਦੇ। ਜਿਸ ਨਾਲ ਹਰਿਮੰਦਰ ਸਾਹਿਬ ਦੀ ਤੇ ਸਰੋਵਰ ਦੀ ਬੇਅਦਬੀ ਹੁੰਦੀ। ਸ਼ਹਿਰ ਦੇ ਬਹੁਤੇ ਹਿੰਦੂ ਵੀ ਸਿੱਖ ਗੁਰੂਆਂ ਦੇ ਸ਼ਰਧਾਲੂ ਹੋਣ ਕਾਰਨ ਹਰਿਮੰਦਰ ਸਾਹਿਬ ਮੱਥਾ ਟੇਕਣ ਆਉਂਦੇ, ਦੂਸਰਾ ਉਹ ਗਊ ਦੀ ਸਦੀਆਂ ਤੋਂ ਪੂਜਾ ਵੀ ਕਰਦੇ ਆਉਂਦੇ ਸਨ। ਜਿਸ ਕਾਰਨ ਸ਼ਹਿਰ ਦੇ ਸਿੱਖ ਤੇ ਹਿੰਦੂ ਆਏ ਦਿਹਾੜੇ ਸਰਕਾਰ ਨੂੰ ਬੁੱਚੜਖਾਨੇ ਬੰਦ ਕਰਨ ਲਈ ਅਰਜ਼ੀਆਂ ਦਿੰਦੇ ਪਰ ਸਰਕਾਰ 'ਤੇ ਕੋਈ ਅਸਰ ਨਾ ਹੁੰਦਾ। ਇਕ ਦਿਨ ਭਾਈ ਦੇਵਾ ਸਿੰਘ ਨੇ ਦੁਖੀ ਹੋ ਕੇ ਇੱਕ ਹੱਡੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਅੱਗੇ ਜਾ ਮੱਥਾ ਟੇਕੀ ਤੇ ਪੁਜਾਰੀਆਂ ਨੂੰ ਕਿਹਾ ਕਿ ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ ਕਿਉਂਕਿ ਪੁਜਾਰੀ ਸਰਕਾਰ ਦੀ ਹਾਂ ਵਿੱਚ ਹਾਂ ਮਿਲਾਉਂਦੇ ਸਨ। ਭਾਈ ਜੀ ਪੁਜਾਰੀਆਂ ਨੂੰ ਕਹਿਣਾ ਚਾਹੁੰਦੇ ਸਨ ਕਿ ਤੁਸੀਂ ਸਰਕਾਰ ਨਾਲ ਨਿੱਤ ਬਹਿੰਦੇ ਉੱਠਦੇ ਹੋ ਤਾਂ ਬੁੱਚੜਖਾਨੇ ਬੰਦ ਕਿਉਂ ਨਹੀਂ ਕਰਵਾਉਂਦੇ? ਬੁੱਚੜਖਾਨਾ ਬੰਦ ਕਰਾਉਣ ਦੀ ਬਜਾਏ ਸਰਕਾਰ ਨੇ ਭਾਈ ਦੇਵਾ ਸਿੰਘ ਨੂੰ ਹੀ ਗ੍ਰਿਫ਼ਤਾਰ ਕਰ ਲਿਆ। ਇਸ ਘਟਨਾ ਤੋਂ ਬਾਅਦ ਵੀ ਸ਼ਹਿਰ ਵਿੱਚ ਦੰਗਿਆਂ ਵਾਲਾ ਮਾਹੌਲ ਬਣਿਆ।

ਆਏ ਦਿਨ ਹਰਿਮੰਦਰ ਸਾਹਿਬ ਦੀ ਹੁੰਦੀ ਬੇਅਦਬੀ ਅਤੇ ਹਿੰਦੂ, ਸਿੱਖ ਤੇ ਮੁਸਲਮਾਨਾਂ ਦੇ ਝਗੜਿਆਂ ਨੇ ਨਾਮਧਾਰੀ ਸੂਰਬੀਰਾਂ ਦੀ ਆਤਮਾ ਨੂੰ ਲਲਕਾਰਿਆ। ਨਾਮਧਾਰੀ ਸਿੰਘਾਂ ਨੇ ਸੋਚਿਆ ਕਿ ਵਿਦੇਸ਼ੀ ਕੌਣ ਹੁੰਦੇ ਹਨ, ਜਿਹੜੇ ਸਾਡੇ ਧਾਰਮਿਕ ਸਥਾਨਾਂ ਦੀ ਬੇਅਦਬੀ ਕਰਨ ਅਤੇ ਇਥੋਂ ਦੇ ਨਾਗਰਿਕਾਂ ਦੇ ਧਾਰਮਿਕ ਵਿਸ਼ਵਾਸਾਂ ਨਾਲ ਖਿਲਵਾੜ ਕਰਨ। ਦੂਸਰਾ ਉਹ ਇਸ ਗੱਲੋਂ ਵੀ ਦੁਖੀ ਸਨ ਕਿ ਜਿਹੜੇ ਪੰਜਾਬ ਵਾਸੀਆਂ ਨੂੰ ਇਕੱਠੇ ਹੋ ਕੇ ਅੰਗਰੇਜ਼ ਦਾ ਵਿਰੋਧ ਕਰਨਾ ਚਾਹੀਦਾ ਹੈ, ਉਹ ਤਾਂ ਆਪਸ ਵਿੱਚ ਹੀ ਲੜ ਰਹੇ ਨੇ। ਉਨ੍ਹਾਂ ਨੇ ਇੱਕ ਤੀਰ ਨਾਲ ਤਿੰਨ ਨਿਸ਼ਾਨੇ ਲਾਉਣ ਦਾ ਫ਼ੈਸਲਾ ਕੀਤਾ। ਜੂਨ 1871 ਬੁੱਚੜਖਾਨੇ 'ਤੇ ਹਮਲਾ ਕਰਕੇ ਜਿਥੇ ਅੰਗਰੇਜ਼ ਸੱਤਾ ਨੂੰ ਲਲਕਾਰਿਆ ਉੱਥੇ ਹਰਿਮੰਦਰ ਸਾਹਿਬ ਦੀ ਬੇਅਦਬੀ ਵੀ ਬੰਦ ਕਰਵਾ ਦਿੱਤੀ ਤੇ ਅੰਮ੍ਰਿਤਸਰ ਵਾਸੀਆਂ ਦੇ ਆਪਸੀ ਝਗੜੇ ਵੀ ਖ਼ਤਮ ਕਰਵਾ ਦਿੱਤੇ। ਨਤੀਜੇ ਵਜੋਂ ਅੰਗਰੇਜ਼ ਸਰਕਾਰ ਉਨ੍ਹਾਂ ਸਿੰਘਾਂ ਦੀ ਗ੍ਰਿਫ਼ਤਾਰੀ ਕਰਦੀ ਹੈ ਤੇ ਸਤੰਬਰ 1871 ਨੂੰ ਉਹ ਫਾਂਸੀ ਦੇ ਰੱਸਿਆਂ ਨੂੰ ਚੁੰਮ ਕੇ ਦੇਸ਼ ਲਈ ਸ਼ਹੀਦੀ ਦਾ ਜਾਮ ਪੀ ਜਾਂਦੇ ਹਨ।

ਅੰਗਰੇਜ਼ ਦੀ ਜੜ੍ਹ ਹਿੰਦ ਕੀ ਜੜ੍ਹ ਸੇ ਹਿਲਾ ਕੇ ਚਲਾ ਹੂੰ।
ਬਗਾਵਤ ਕੀ ਹਿਰਦੇ ਮੇਂ ਨਸ਼ਤਰ ਚਲਾ ਕੇ ਚਲਾ ਹੂੰ।
'ਬਾਲਮ' ਬਗੀਚਾ ਫਲੇਗਾ ਬਾਹਾਰ ਐਸੀ ਆਏਗੀ,
ਜਿਸ ਪੇ ਆਜ਼ਾਦੀ ਫਲੇਗੀ ਵੁਹ ਗੁਲ ਖਿਲਾ ਕੇ ਚਲਾ ਹੂੰ।

**ਜਸਵੰਤ ਸਿੰਘ ਮਸਤ**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਅੰਤੁ ਨ ਸਿਫਤੀ ਕਹਣਿ ਨ ਅੰਤੁ ॥**

ਨਾ ਹੀ ਪ੍ਰਭੂ ਦੀਆਂ ਸਿਫਤਾਂ ਦਾ ਅੰਤ ਹੈ ਅਤੇ ਨਾ ਹੀ ਉਨ੍ਹਾਂ ਦੇ ਕਹਿਣ ਦਾ ਅੰਤ ਹੈ।

Endless are the God's virtues;
endless are those who speak about His virtues.

**ਅੰਤੁ ਨ ਕਰਣੈ ਦੇਣਿ ਨ ਅੰਤੁ ॥**

ਨਾ ਹੀ ਉਸਦੀ ਰਚਨਾ ਦਾ ਅੰਤ ਹੈ ਅਤੇ ਨਾ ਹੀ ਦਾਤਾਂ ਦਾ

Endless are His creations and blessings.

**ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥**

ਵੇਖਿਆਂ ਤੇ ਸੁਣਿਆਂ ਭੀ ਉਸ ਦੇ ਗੁਣਾਂ ਦਾ ਕੋਈ ਪਾਰ ਨਹੀਂ ਪੈਂਦਾ ।

Even by seeing or hearing, His virtues cannot be estimated.

**ਅੰਤੁ ਨ ਜਾਪੈ ਕਿਆ ਮਨਿ ਮੰਤੁ ॥**

ਪਰਮੇਸ਼ਰ ਦੇ ਮਨ ਵਿੱਚ ਕਿਹੜੀ ਸੋਚ ਹੈ, ਇਸ ਦਾ ਵੀ ਕੋਈ ਅੰਤ ਨਹੀਂ ਪਾਇਆ ਜਾ ਸਕਦਾ।

One cannot understand the limits of God's thinking.

**ਅੰਤੁ ਨ ਜਾਪੈ ਕੀਤਾ ਆਕਾਰੁ ॥**

ਨਾ ਹੀ ਉਸਦੀ ਰਚਨਾ ਦਾ ਅੰਤ ਹੈ।

There is no end to His creation.

**ਅੰਤੁ ਨ ਜਾਪੈ ਪਾਰਾਵਾਰੁ ॥**

ਨਾ ਹੀ ਉਸਦੇ ਪਾਰਾਵਾਰ ਦਾ ਕੋਈ ਅੰਤ ਜਾਪਦਾ ਹੈ।

There is no limit to His extent.

**ਅੰਤ ਕਾਰਣਿ ਕੇਤੇ ਬਿਲਲਾਹਿ ॥**

ਉਸਦਾ ਅੰਤ ਜਾਨਣ ਲਈ ਕਿੰਨੇ ਹੀ ਤਰਲੇ ਲੈ ਰਹੇ ਹਨ।

Several seek to know His limits.

**ਤਾ ਕੇ ਅੰਤ ਨ ਪਾਏ ਜਾਹਿ ॥**

ਉਸਦਾ ਅੰਤ ਨਹੀਂ ਪਾਇਆ ਜਾਂਦਾ।

But one cannot find His limits.

**ਏਹੁ ਅੰਤੁ ਨ ਜਾਣੈ ਕੋਇ ॥**

ਇਸ ਅੰਤ ਨੂੰ ਕੋਈ ਨਹੀਂ ਜਾਣਦਾ।

No one knows the limits.

**ਬਹੁਤਾ ਕਹੀਐ ਬਹੁਤਾ ਹੋਇ ॥**

ਜਿੰਨਾ ਕੋਈ ਬਹੁਤਾ ਬਿਆਨ ਕਰਦਾ ਹੈ, ਉਹ ਉਸ ਤੋਂ ਬਹੁਤ ਜਿਆਦਾ ਹੈ।

The more one describes (Him), the more He turns out to be.

**ਵਡਾ ਸਾਹਿਬੁ ਊਚਾ ਥਾਉ ॥**

ਉਹ ਸਾਹਿਬ ਵੱਡਾ ਹੈ ਅਤੇ ਉਸਦਾ ਟਿਕਾਣਾ ਵੀ ਵੱਡਾ ਹੈ।

God is great and His abode is also great.

**ਊਚੇ ਉਪਰਿ ਊਚਾ ਨਾਉ ॥**

ਉਸ ਵੱਡੇ ਤੋਂ ਵੀ ਵੱਡਾ ਹੈ, ਉਸਦਾ ਨਾਮ।

His *Naam* is even greater than the Great 'Him'.

**ਏਵਡੁ ਊਚਾ ਹੋਵੈ ਕੋਇ ॥**

ਜੇ ਏਨਾ ਵੱਡਾ ਹੋਰ ਕੋਈ ਹੋਵੇ

If there be anyone else, as great as the God,

**ਤਿਸੁ ਊਚੇ ਕਉ ਜਾਣੈ ਸੋਇ ॥**

ਤਾਂ ਹੀ ਉਸ ਵੱਡੇ ਪ੍ਰਭੂ ਨੂੰ ਜਾਣ ਸਕੇਗਾ।

only then one can understand the great God.

**ਜੇਵਡੁ ਆਪਿ ਜਾਣੈ ਆਪਿ ਆਪਿ ॥**

ਜਿੰਨਾ ਵੱਡਾ ਉਹ ਆਪ ਹੈ, ਉਹ ਆਪ ਹੀ ਆਪਣੇ ਆਪ ਨੂੰ ਜਾਣ ਸਕਦਾ ਹੈ।

He Himself knows the extent of His Greatness.

**ਨਾਨਕ ਨਦਰੀ ਕਰਮੀ ਦਾਤਿ ॥੨੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਆਪਣੀ ਬਖਸ਼ਿਸ਼ ਦੁਆਰਾ ਦਾਤਾਂ ਬਖਸ਼ਦਾ ਹੈ।

*Satguru Nanak* says that God grants blessings, as per His kindness.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਜਗਤ ਮਾਤਾ –
# ਮਾਤਾ ਭੁਪਿੰਦਰ ਕੌਰ



**ਦਵਿੰਦਰ ਸਿੰਘ ਗਿੱਲ**
**94177-69103**

'ਮਾਂ' ਸ਼ਬਦ ਬਹੁਤ ਮਿੱਠਾ ਤੇ ਪਿਆਰਾ ਹੈ, ਸ਼ਹਿਦ ਨਾਲੋਂ ਵੀ ਮਿੱਠਾ ਹੈ। ਜਿਸ ਦੀ ਗੋਦ ਵਿਚ ਬੈਠ ਕੇ ਜੀਵ ਆਪਣੇ ਸਾਰੇ ਦੁੱਖੜੇ ਭੁੱਲ ਕੇ ਮਾਤਾ ਦੇ ਪਿਆਰ ਦਾ ਨਿੱਘ ਮਾਣਦਾ ਹੈ। ਲੋਕ ਸਾਹਿਤ ਵਿੱਚ ਢਾਈ ਮਾਤਾਵਾਂ ਨੂੰ ਪ੍ਰਵਾਨਗੀ ਹੈ- ਧਰੂ ਭਗਤ, ਬਾਬਾ ਫਰੀਦ ਅਤੇ ਭਰਥਰੀ। ਜਿਨ੍ਹਾਂ ਨੂੰ ਅਕਾਲ ਪੁਰਖ ਨਾਲ ਉਹਨਾਂ ਦੀਆਂ ਮਾਤਾਵਾਂ ਨੇ ਜੋੜਿਆ ਸੀ। ਪ੍ਰੰਤੂ ਜਦੋਂ ਅਸੀਂ ਦੇਖਦੇ ਹਾਂ ਮਾਤਾ ਭੁਪਿੰਦਰ ਕੌਰ ਜੀ ਨੇ ਸ਼ਹਿਨਸ਼ੀਲਤਾ, ਸੁਚ ਸੰਜਮ ਦੇ ਧਾਰਨੀ ਹੋ ਕੇ ਘਾਲ ਕਮਾਈ ਕਰਕੇ ਉਨ੍ਹਾਂ ਸਤਿਗੁਰਾਂ ਦੀ ਪਤਨੀ, ਸਤਿਗੁਰਾਂ ਦੀ ਮਾਤਾ ਅਤੇ ਸਤਿਗੁਰਾਂ ਦੀ ਦਾਦੀ ਬਣਨ ਦਾ ਮਾਣ ਹਾਸਲ ਕੀਤਾ ਹੈ ਤਾਂ ਉਹਨਾਂ ਦਾ ਦਰਜਾਂ ਢਾਈ ਮਾਤਾਵਾਂ ਨਾਲੋਂ ਵੀ ਹੋਰ ਉੱਚਾ ਹੋ ਜਾਂਦਾ ਹੈ ਅਤੇ ਮਾਤਾਵਾਂ ਦੀ ਲਿਸਟ ਹੋਰ ਵੀ ਲੰਮੀ ਹੋ ਜਾਂਦੀ ਹੈ। ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੁਪਤਨੀ ਸਨ, ਸਤਿਗੁਰੂ ਜਗਜੀਤ ਸਿੰਘ ਜੀ ਦੇ ਮਾਤਾ ਜੀ ਸਨ ਅਤੇ ਉਹਨਾਂ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦੇ ਦਾਦੀ ਜੀ ਹੋਣ ਦਾ ਸੁਭਾਗ ਹਾਸਲ ਕੀਤਾ ਹੈ।

ਮਾਤਾ ਭੁਪਿੰਦਰ ਕੌਰ ਜੀ, ਚੌਧਰੀ ਹਮੀਰ ਸਿੰਘ ਦੇ ਖ਼ਾਨਦਾਨ ਦੇ ਸਿਤਾਰੇ ਸਨ। ਜਿਨ੍ਹਾਂ ਨੇ ਰਾਜਸਥਾਨ ਦੇ ਇਲਾਕੇ ਵਿਚ ਅਨੇਕਾਂ ਮੱਲਾਂ ਮਾਰੀਆਂ ਅਤੇ ਫਿਰ ਕਿਸੇ ਕਾਲ ਮਾਰੇ ਸਮੇਂ ਵਿਚ ਅਬੋਹਰ ਦੇ ਇਲਾਕੇ ਵਿੱਚ ਕਈ ਪਿੰਡ ਵਸਾਏ। ਉਹਨਾਂ ਵਸਾਏ ਹੋਏ ਪਿੰਡਾਂ ਵਿਚ ਇਕ ਪਿੰਡ ਜਿਸਦਾ ਨਾਮ 'ਰੱਤਾ ਵਾਸ' ਸੀ, ਜੋ ਡੱਬਵਾਲੀ- ਅਬੋਹਰ ਰੋਡ 'ਤੇ ਮਲੋਟ ਤੋਂ ਲੰਘ ਕੇ 5 ਕਿਲੋਮੀਟਰ ਦੇ ਫਾਸਲੇ 'ਤੇ ਹੈ। ਫੇਰ ਉਸ ਪਿੰਡ ਦਾ ਨਾਮ 'ਰੱਤਾ ਵਾਸ' ਤੋਂ 'ਗੱਦੋਂ ਡੋਬ' ਹੋ ਗਿਆ। ਸਤਿਗੁਰੂ ਹਰੀ ਸਿੰਘ ਜੀ ਨੇ ਉਸ ਪਿੰਡ ਵਿੱਚ ਚਰਨ ਪਾਏ ਅਤੇ ਉਸ ਪਿੰਡ ਦਾ ਨਾਮ 'ਗੁਰੂ ਸਰ' ਕਰ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਦੀ ਵੀ ਉਸ ਪਿੰਡ 'ਤੇ ਅਪਾਰ ਕਿਰਪਾ ਰਹੀ ਹੈ। ਉਸ ਪਿੰਡ ਵਿਚ ਅੱਛੇ ਖਾਨਦਾਨ ਵਾਲੇ ਜੱਟ ਪਰਿਵਾਰ ਸੱਦਾ ਸਿੰਘ ਤੇ ਸੁੰਦਰ ਸਿੰਘ ਦੋ ਭਰਾ ਵੱਸਦੇ ਸਨ। ਸੱਦਾ ਸਿੰਘ ਪਿੰਡ ਦਾ ਨੰਬਰਦਾਰ ਅਤੇ ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲਾ ਸੀ। ਪ੍ਰੰਤੂ ਸੁੰਦਰ ਸਿੰਘ ਸਾਊ ਤੇ ਨਿਮਰਤਾ ਵਾਲੇ ਸੁਭਾਅ ਵਾਲਾ ਸੋਧੀ ਨਾਮਧਾਰੀ ਸੀ, ਜੋ ਸੋਧ ਮਰਿਯਾਦਾ ਨਿਭਾਹੁਣ ਲਈ 4-4 ਕੋਹ ਤੋਂ ਉਨ ਵਾਲੀਆਂ ਭੂਰੀਆਂ ਪਹਿਨ ਕੇ ਜਲ ਲਿਆਇਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਦੀਆਂ ਉਸ ਪਰਿਵਾਰ 'ਤੇ ਅਪਾਰ ਬਖ਼ਸ਼ਿਸ਼ਾਂ ਹੋਇਆ ਕਰਦੀਆਂ ਸਨ। ਇਕ ਵਾਰ ਭਰੇ ਦੀਵਾਨ ਵਿਚੋਂ ਉੱਠ ਕੇ ਸਤਿਗੁਰੂ ਜੀ ਉਹਨਾਂ ਭੂਰੀਆਂ ਵਾਲੇ ਸੋਧੀ ਸਿੰਘਾਂ ਵਿੱਚ ਜਾ ਬੈਠੇ ਸਨ।

ਸੰਤ ਸੁੰਦਰ ਸਿੰਘ ਜੀ ਦੇ ਘਰ ਨੂੰ ਭਾਗ ਲੱਗੇ ਉਨ੍ਹਾਂ ਦੇ ਗ੍ਰਹਿ ਵਿਖੇ ਰਾਮ ਕੌਰ (ਅੰਬੋ ਜੀ) ਜੀ ਦੀ ਕੁੱਖ ਤੋਂ ਨਵੰਬਰ 1898 ਈ. (ਕੱਤਕ 1995 ਬਿ.) ਪੰਜਵੀਂ ਬੱਚੀ, ਤਿੰਨ ਵੀਰਾਂ ਦੀ ਦੂਜੀ ਭੈਣ ਨੇ ਜਨਮ ਲਿਆ। ਘਰ ਵਾਲਿਆਂ ਨੇ ਉਨ੍ਹਾਂ ਦਾ ਨਾਮ 'ਵੀਰੋ' ਰੱਖਿਆ। ਬੀਬੀ ਵੀਰੋ ਜੀ ਬਚਪਨ ਤੋਂ ਹੁੰਦੜ ਹੇਲ, ਤੇਲੀਆ ਬੁੱਧ ਦੇ ਮਾਲਕ, ਸਾਦਗੀ ਅਤੇ ਨਿਮਰਤਾ ਦੇ ਪੁੰਜ ਸਨ। ਗ੍ਰਹਿ ਵਿਖੇ ਨਾਮਧਾਰੀ ਸੰਗਤ ਦਾ ਆਉਣ-ਜਾਣ ਬਣਿਆ ਰਹਿੰਦਾ ਸੀ। ਬੀਬੀ ਵੀਰੋ ਜੀ ਘਰ ਦੇ ਮੈਂਬਰਾਂ ਨਾਲ ਮਿਲਕੇ ਸਾਧ ਸੰਗਤ ਦੀ ਸੇਵਾ ਕਰਦੇ, ਸਾਧਾਂ ਦੇ ਜੂਠੇ ਬਰਤਨ ਮਾਂਜਿਆ ਕਰਦੇ ਸਨ ਅਤੇ ਲੰਗਰ ਦੀ ਸੇਵਾ ਵਿਚ ਹੱਥ ਵਟਾਉਂਦੇ ਸਨ। ਉਹਨਾਂ ਦੇ ਤਿੱਖੇ ਨੈਣ ਨਕਸ਼, ਚੌੜਾ ਮੱਥਾ ਅਤੇ ਹਰ ਸਮੇਂ ਸਿਮਰਨ ਵਿੱਚ ਲੀਨ ਰਹਿਣ ਕਾਰਨ ਹਰ ਕੋਈ ਉਹਨਾਂ ਦਾ ਸਤਿਕਾਰ ਕਰਦਾ ਸੀ।

ਉਹ ਪੰਜ ਬਾਣੀਆਂ ਦਾ ਪਾਠ ਨਿਰੰਤਰ ਕਰਿਆ ਕਰਦੇ ਸਨ ਅਤੇ ਫਿਰ ਉਹ ਪੰਜ ਬਾਣੀਆਂ ਦਾ ਪਾਠ ਕੰਠੋਂ ਕਰਨ ਲੱਗ ਪਏ, 10 ਸਾਲ ਦੀ ਉਮਰ ਵਿੱਚ ਉਹਨਾਂ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਇਕੱਲਿਆਂ ਨੇ ਕਰ ਲਿਆ ਸੀ। ਸਾਧ ਸੰਗਤ ਬੀਬੀ ਜੀ ਦਾ ਚੌੜਾ ਮਸਤਕ ਤੇ ਚਿਹਰਾ ਦੇਖ ਕੇ ਅੰਦਾਜ਼ਾ ਲਗਾਉਂਦੇ ਸੀ ਕਿ ਇਹ ਬੀਬੀ ਇੱਕ ਦਿਨ ਜਗਤ ਮਾਤਾ ਬਣੇਗੀ। ਸੰਤ ਸੁੰਦਰ ਸਿੰਘ ਅਤੇ ਮਾਤਾ ਰਾਮ ਕੌਰ ਨੇ ਵਿਚਾਰ ਕੀਤੀ ਅਤੇ ਆਪਣੇ ਸਪੁੱਤਰਾਂ ਸ. ਕ੍ਰਿਪਾਲ ਸਿੰਘ, ਸੰਤ ਮੀਹਾਂ ਸਿੰਘ, ਸ. ਨਾਹਰ ਸਿੰਘ ਅਤੇ ਵੱਡੀ ਤੇ ਵਿਵਾਹਤ ਪੁੱਤਰੀ ਹਰਨਾਮ ਕੌਰ ਨੂੰ ਵਿਸ਼ਵਾਸ ਵਿੱਚ ਲੈ ਕੇ ਬੇਨਤੀ ਦੇ ਰੂਪ ਵਿਚ ਆਪਣੀ ਸਾਰੀ ਵਿਥਿਆ ਸਤਿਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਅਤੇ ਮਾਤਾ ਫਤਹ ਕੌਰ ਜੀ ਤੱਕ ਪਹੁੰਚਾਈ। ਸਾਰਾ ਗੁਰੂ ਪਰਿਵਾਰ ਬਹੁਤ ਖੁਸ਼ ਹੋਇਆ ਅਤੇ

ਸੁੰਦਰ ਸਿੰਘ ਜੀ ਦੀ ਬੇਨਤੀ ਪ੍ਰਵਾਨ ਕਰ ਲਈ।

ਜਦੋਂ ਸੰਤ ਸੁੰਦਰ ਸਿੰਘ ਜੀ ਦਾ ਸਾਰਾ ਪਰਿਵਾਰ ਖੁਸ਼ ਸੀ ਤਾਂ ਉਹਨਾਂ ਦਾ ਭਰਾ ਸੱਦਾ ਸਿੰਘ ਨਹੀਂ ਸੀ ਚਾਹੁੰਦਾ ਕਿ ਇਹ ਸਾਕ ਕੀਤਾ ਜਾਵੇ। ਉਹਨਾਂ ਦਿਨਾਂ ਵਿੱਚ ਹੀ ਜਦੋਂ ਅਜੇ ਅਨੰਦ ਕਾਰਜ ਹੋਣਾ ਸੀ, ਸੰਤ ਸੁੰਦਰ ਸਿੰਘ ਪ੍ਰਲੋਕ ਗਮਨ ਕਰ ਗਏ। ਪ੍ਰੰਤੂ ਮਾਤਾ ਜੀ ਦੇ ਪਰਿਵਾਰ ਨੇ ਸੁੰਦਰ ਸਿੰਘ ਦੇ ਕੀਤੇ ਕੌਲ ਇਕਰਾਰ ਨੂੰ ਨਿਭਾਇਆ, ਸੱਦਾ ਸਿੰਘ ਦੀ ਪੇਸ਼ ਨਾ ਜਾਣ ਦਿੱਤੀ।

ਅਨੰਦ ਕਾਰਜ ਦਾ ਦਿਨ ਨੇੜੇ ਆ ਰਿਹਾ ਸੀ। ਅਨੰਦ ਕਾਰਜ ਤੋਂ ਇਕ ਦਿਨ ਪਹਿਲਾਂ 21 ਦਸੰਬਰ 1914 ਈ. ਨੂੰ ਲੁਧਿਆਣੇ ਤੋਂ ਅਬੋਹਰ ਲਾਈਨ ’ਤੇ ਪੱਕੀ ਦੇ ਸਟੇਸ਼ਨ ਤੱਕ 'ਅਨੰਦ ਸਪੈਸ਼ਲ' ਰੇਲ ਗੱਡੀ ਚੱਲੀ। ਜਿਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੂਲੇ ਦੇ ਰੂਪ ਵਿਚ ਸੱਜੇ ਅਤੇ ਸਾਰਾ ਗੁਰੂ ਪਰਿਵਾਰ, ਪ੍ਰਸਿੱਧ ਮਸਤਾਨੇ ਸਿੱਖ, ਸੋਧੀ ਸਿੱਖ ਅਤੇ ਹੋਰ ਸਿੱਖ ਸੰਗਤਾਂ ਸਤਿਗੁਰੂ ਜੀ ਨਾਲ ਚੱਲੇ। 22 ਦਸੰਬਰ 1914 ਈ. ਦਿਨ ਮੰਗਲਵਾਰ (ਪੋਹ 1971 ਬਿ:) ਨੂੰ ਅੰਮ੍ਰਿਤ ਵੇਲੇ ਬੇਦੀ ਗੱਡ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਵੀਰੋ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਅਨੰਦ ਕਾਰਜ ਦੀ ਮਰਿਯਾਦਾ ਅਨੁਸਾਰ ਅਨੰਦ ਕਾਰਜ ਕੀਤਾ ਗਿਆ। ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਗੁਰੂ ਪਰਿਵਾਰ ਵਿਚੋਂ ਗੁਰੂ ਵਜੋਂ ਪਹਿਲਾ ਅਨੰਦ ਕਾਰਜ ਸੀ, ਜਿਹੜਾ ਸਤਿਗੁਰੂ ਰਾਮ ਸਿੰਘ ਜੀ ਦੀ 3 ਜੂਨ 1863 ਈ. ਨੂੰ ਸ਼ੁਰੂ ਕੀਤੀ ਅਨੰਦ ਕਾਰਜ ਮਰਿਆਦਾ ਪਿੰਡ ਖੋਟੇ ਵਿਚ ਜੋ ਸ਼ੁਰੂ ਕੀਤੀ ਸੀ, ਉਸ ਨੂੰ ਗੁਰੂ ਵੱਜੋਂ ਜੋ ਪਹਿਲੇ ਸਤਿਗੁਰੂ ਸਨ, ਉਸ ਨੂੰ ਪ੍ਰਵਾਨ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਖੋਟੇ ਵਿੱਚ 3 ਜੂਨ ਨੂੰ ਗੁਰਮਤਿ ਮਰਿਆਦਾ ਅਨੁਸਾਰ ਪਹਿਲੀ ਵਾਰ 6 ਜੋੜਿਆਂ ਦੇ ਅਨੰਦ ਕਾਰਜ ਕੀਤੇ ਸਨ। (ਸੰਤ ਤਾਰਾ ਸਿੰਘ ਅਣਜਾਣ ਦੀ ਪੁਸਤਕ 'ਸਾਹਿਬ ਗੁਣੀ ਗਹੀਰਾ' ਦੇ ਪੰਨਾ 45)। ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ-

1. ਸੂਬਾ ਸਮੁੰਦ ਸਿੰਘ ਦੀ ਪੁੱਤਰੀ ਠੱਟੀ ਵਿਆਹੀ ਗਈ ਸੀ।
2. ਬਾਬਾ ਕਾਹਲਾ ਸਿੰਘ ਦੀ ਪੁੱਤਰੀ ਦੌਧਰ ਵਿਆਹੀ ਗਈ ਸੀ।
3. ਸੰਤ ਸੁੰਦਰ ਸਿੰਘ ਦੀ ਲੜਕੀ ਉਬੋਕੇ ਦੇ ਇੱਕ ਘਰਾਣੇ ਦੀ ਨੂੰਹ ਬਣੀ ਸੀ।
4. ਸੰਤ ਫ਼ਤਹਿ ਸਿੰਘ ਦੀ ਦੇਸ ਕੌਰ ਦਾ, ਨਿਹੰਗ ਸਿੰਘ ਵਾਲਾ, ਸਹੁਰਾ ਪਿੰਡ ਬਣਿਆ।
5. ਸ. ਬੁੱਧ ਸਿੰਘ ਦੀ ਬੀਬੀ ਪ੍ਰੇਮ ਕੌਰ ਦਾ ਧੁਲੇਤੇ ਵਿਆਹ ਹੋਇਆ।
6. ਸ. ਜੋਗਾ ਸਿੰਘ ਧੂੜਕੋਟੀਏ ਦੀ ਬੀਬੀ ਬਿਸ਼ਨ ਕੌਰ ਦਾ ਅਨੰਦ ਕਾਰਜ ਮੁਠੱਡੇ ਦੇ ਇਕ ਪਰਿਵਾਰ ਵਿੱਚ ਹੋਇਆ।

22 ਦਸੰਬਰ 1914 ਈ. ਅਨੰਦ ਕਾਰਜ ਤੋਂ ਬਾਅਦ ਬੀਬੀ ਵੀਰੋ ਜੀ ਨੇ ਸ੍ਰੀ ਭੈਣੀ ਸਾਹਿਬ ਪ੍ਰਵੇਸ਼ ਕੀਤਾ ਅਤੇ ਉਹਨਾਂ ਦਾ ਨਾਮ ਭੁਪਿੰਦਰ ਕੌਰ ਹੋ ਗਿਆ। ਮਾਤਾ ਜੀ ਨੇ ਆਉਂਦਿਆਂ ਹੀ ਸ੍ਰੀ ਭੈਣੀ ਸਾਹਿਬ ਦੀ ਰੋਜ਼ਾਨਾ ਦੇ ਕੰਮ ਕਾਰ ਸਾਂਭ ਲਏ, ਸਾਧ ਸੰਗਤ ਦੀ ਸੇਵਾ ਕਰਨ ਵਿਚ ਰੁੱਝ ਗਏ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਿਰਪਾ ਨਾਲ ਮਾਤਾ ਭੁਪਿੰਦਰ ਕੌਰ ਜੀ ਦਾ ਨਿਵਾਸ ਸਥਾਨ ਸਰਹੰਦ ਨਹਿਰ ’ਤੇ ਨੀਲੋ ਦੇ ਪੁਲ ਤੋਂ 5 ਕਿਲੋਮੀਟਰ ਉੱਤਰ ਦਿਸ਼ਾ ਵੱਲ ਇਕ ਚੁਬਾਰੇ ਵਿੱਚ ਕਰ ਦਿੱਤਾ ਗਿਆ। ਸਿੱਖਾਂ ਦੇ ਮਨਾਂ ਵਿਚ ਰੀਝ ਸੀ ਕਿ ਮਾਤਾ ਜੀ, ਸਤਿਗੁਰੂ ਜੀ ਸਮੇਤ ਸਿੱਖਾਂ ਦੇ ਘਰਾਂ ਵਿੱਚ ਚਰਨ ਪਾਉਣ ਸੋ ਸਤਿਗੁਰੂ ਪ੍ਰਤਾਪ ਸਿੰਘ ਜੀ, ਮਾਤਾ ਭੁਪਿੰਦਰ ਕੌਰ ਅਤੇ 15-16 ਸਿੰਘਾਂ ਸਮੇਤ ਅੰਬਾਂ ਦੀ ਰੁੱਤੇ 1916 ਈ. ਵਿੱਚ ਚੁੰਨ੍ਹੀ (ਅੰਬਾਲਾ) ਵਿੱਚ ਚਰਨ ਪਾ ਕੇ ਸਿੱਖਾਂ ਦੇ ਮਨਾਂ ਦੀ ਰੀਝ ਪੂਰੀ ਕੀਤੀ।

ਜੂਨ-ਜਲਾਈ 1918 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਸਪੁੱਤਰੀ ਬੀਬੀ ਨੰਦਾਂ ਚੜ੍ਹਾਈ ਕਰ ਗਏ ਤਾਂ ਉਹਨਾਂ ਦੇ ਨਮਿੱਤ ਮੇਲੇ ’ਤੇ 41 ਪਾਠਾਂ ਦੇ ਭੋਗ ਪਾਏ ਗਾਏ। ਸਾਰਾ ਪ੍ਰਬੰਧ ਮਾਤਾ ਜੀ ਨੇ ਆਪ ਨਿਹਾਰਿਆ ਸੀ।

ਸ਼ੇਖੂਪੁਰ ਜ਼ਿਲੇ ਦੇ ਪਿੰਡ ਚੂਹੇੜਾੜ 1918 ਈ. ਨੂੰ ਨਾਮਧਾਰੀ ਸਮਾਜ ਲਈ ਮੌਕਾ ਇਤਿਹਾਸਕ ਸੀ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਾਤਾ ਭੁਪਿੰਦਰ ਕੌਰ ਨਾਲ ਪਹਿਲੀ ਵਾਰ ਚਰਨ ਪਾਏ ਸਨ।

1919 ਈ. ਦੀ (ਨਿਮਾਣੀ) ਮਈ ਨੂੰ ਸਰਹਿੰਦ ਨਹਿਰ ਦੇ ਕੰਢੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਪੁ ਪ੍ਰਯੋਗ ਸ਼ੁਰੂ ਕਰ ਦਿੱਤਾ ਸੀ। ਉਸ ਇਤਿਹਾਸਿਕ ਮੌਕੇ ਮਾਤਾ ਭੁਪਿੰਦਰ ਕੌਰ ਜੀ ਨੇ ਸਤਿਗੁਰੂ ਜੀ ਅਗੇ ਬੜੀ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਉਸਨੂੰ ਵੀ ਆਪਣੀਆਂ ਸਖੀਆਂ ਸਮੇਤ ਪੂਰਨ ਮਰਯਾਦਾ ਅਨੁਸਾਰ ਜਪੁ ਪ੍ਰਯੋਗ ਕਰਨ ਦੀ ਆਗਿਆ ਦਿੱਤੀ ਜਾਵੇ। ਬੇਨਤੀ ਪ੍ਰਵਾਨ ਹੋ ਗਈ। ਮਾਤਾ ਜੀ ਨੇ ਆਪਣੀਆਂ ਸਖੀਆਂ ਸਮੇਤ ਨਿਜੀ ਨਿੱਤਨੇਮ ਨਿਭਾਉਂਦਿਆਂ ਹੋਇਆਂ, ਸਾਧ ਸੰਗਤ ਦੇ ਜੂਠੇ ਬਰਤਨਾਂ ਦੀ ਸੇਵਾ ਕਰਦਿਆਂ ਚਾਲੀ ਦਿਨਾਂ ਦਾ ਜਪ ਪ੍ਰਯੋਗ ਕੀਤਾ। ਇਸ ਪ੍ਰਕਾਰ ਮਾਤਾ ਜੀ ਦੀ ਕ੍ਰਿਪਾ ਨਾਲ ਬੀਬੀਆਂ ਨੂੰ ਵੀ ਜਪੁ ਪ੍ਰਯੋਗ ਕਰਨ ਦੀ ਆਗਿਆ ਮਿਲ ਗਈ।

1920 ਈ. ਦਾ ਸਾਲ ਭਾਗਾਂ ਭਰਿਆ ਸੀ ਕਿ ਗੁਰੂਘਰ ਵਿਚ 'ਵਧੀ ਵੇਲ ਬਹੁ ਪੀੜੀ ਚਾਲੀ' ਖੁਸ਼ੀਆਂ ਆ ਗਈਆਂ, ਅਕਾਲ ਪੁਰਖ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਤਾ ਭੁਪਿੰਦਰ ਕੌਰ ਜੀ ਦੀ ਕੁੱਖੋਂ ਅਵਤਾਰ ਧਾਰਿਆ। ਉਸ ਸਮੇਂ 'ਸਤਿਜੁਗ' ਸਪਤਾਹਿਕ ਅਖ਼ਬਾਰ ਵਿੱਚ ਖੁਸ਼ੀਆਂ ਭਰਪੂਰ ਖ਼ਬਰ ਨੂੰ ਇਸ ਪ੍ਰਕਾਰ ਪ੍ਰਕਾਸ਼ਿਤ ਕੀਤਾ ਗਿਆ–

(17 ਮਘਰ 1977 ਬਿ: ਵਿੱਚ 1 ਦਸੰਬਰ 1920 ਈ. ਦੇ ਸਤਜੁਗ ਖ਼ਬਰ ਛਪੀ)

**ਵਧਾਈ!! ਵਧਾਈ!!! ਵਧਾਈ!!!!**

**ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਨਾਲ ਸ੍ਰੀ ਮਾਨ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਗ੍ਰਹਿ ਵਿਖੇ 7–8 ਮੱਘਰ 1977 ਬਿ: ਦੀ ਵਿਚਕਾਰਲੀ ਰਾਤ ਨੂੰ ਸਾਹਿਬਜ਼ਾਦੇ ਨੇ ਜਨਮ ਲਿਆ, ਇਸ ਲਈ ਅਸੀਂ ਮਾਹਾਰਾਜ ਜੀ ਅਤੇ ਸਮੂਹ ਖਾਲਸਾ ਪੰਥ ਪ੍ਰਤੀ ਬਹੁਤ–ਬਹੁਤ ਵਧਾਈ ਦਿੰਦੇ ਹਾਂ।**

ਇਕ ਵਾਰ ਨਹਿਰ ਵਾਲੇ ਡੇਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਪੁ ਪ੍ਰਯੋਗ ਸ਼ੁਰੂ ਕੀਤਾ ਹੋਇਆ ਸੀ। ਕਾਰਨ ਵੱਸ ਸਤਿਗੁਰੂ ਜੀ ਨੂੰ ਲਾਹੌਰ ਜਾਣਾ ਪੈ ਗਿਆ। ਡੇਰੇ ਵਿਚੋਂ ਰਸਦ ਖ਼ਤਮ ਹੋ ਗਈ, ਸਤਿਗੁਰੂ ਜੀ ਵੱਲੋਂ ਕਿਸੇ ਨੂੰ ਵੀ ਸ੍ਰੀ ਭੈਣੀ ਸਾਹਿਬ ਤੋਂ ਰਸਦ ਲਿਆਉਣ ਦਾ ਹੁਕਮ ਨਹੀਂ ਸੀ। ਉਥੇ ਹਾਜ਼ਰ ਸਾਧ–ਸੰਗਤ ਰਸਦ ਬਾਰੇ ਚਿੰਤਾਤੁਰ ਸੀ। ਸੰਤ ਮੋਹਣ ਸਿੰਘ ਜੀ ਵਡਾਲਾ ਜੌਹਲਾਂ ਵਾਲਿਆਂ ਨੇ ਰਸਦ ਬਾਰੇ ਮਾਤਾ ਜੀ ਕੋਲ ਅਰਜ਼ ਕਰ ਦਿੱਤੀ। ਮਾਤਾ ਜੀ ਉਥੇ ਸੰਗਤ ਦੀ ਸੇਵਾ ਕਰਦੇ ਹੋਏ, ਬਾਲ ਗੋਪਾਲ (ਸਤਿਗੁਰੂ) ਜਗਜੀਤ ਸਿੰਘ ਜੀ ਨੂੰ ਵੀ ਲਾਡ ਲਡਾਉਂਦੇ ਸਨ। ਮਾਤਾ ਜੀ ਕੋਲ ਵੀ ਕੋਈ ਉਚੇਚਾ ਪ੍ਰਬੰਧ ਨਹੀਂ ਸੀ, ਸਮਾਨ ਫਰੋਲਦਿਆਂ ਇਕ ਸੋਨੇ ਦੀ ਅੰਗੂਠੀ ਮਿਲੀ ਜੋ ਉਹਨਾਂ ਨੇ ਸੰਤ ਮੋਹਣ ਸਿੰਘ ਨੂੰ ਦੇ ਦਿੱਤੀ ਤਾਂ ਰਸਦ ਦਾ ਪ੍ਰਬੰਧ ਕੀਤਾ ਗਿਆ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਪਸ ਆਏ ਤਾਂ ਉਹ ਸੰਗਤ ਪ੍ਰਤੀ ਮਾਤਾ ਜੀ ਦੇ ਸਨੇਹ ਦੀ ਖ਼ਬਰ ਸੁਣ ਕੇ ਬਹੁਤ ਪ੍ਰਸੰਨ ਹੋਏ।

1923 ਈ. ਵਿਚ ਇਕ ਹੋਰ ਗੁਰੂ ਘਰ ਨੂੰ ਖੁਸ਼ੀ ਭਰੀ ਖ਼ਬਰ ਮਿਲੀ। 1923 ਈ. ਦੇ ਨਵੰਬਰ ਮਹੀਨੇ (2 ਕੱਤਕ 1980 ਬਿ:) ਨੂੰ ਮਹਾਰਾਜ ਬੀਰ ਸਿੰਘ ਜੀ ਜਨਮੇ। ਪ੍ਰੰਤੂ ਉਸ ਜਣੇਪੇ ਨਾਲ ਮਾਤਾ ਜੀ ਬਹੁਤ ਕਮਜ਼ੋਰ ਹੋ ਗਏ, ਅਰਾਮ ਨਹੀਂ ਸੀ ਆ ਰਿਹਾ। ਨਵੀਂ ਉਸਾਰੀ ਲਈ ਬਾਗ ਵਾਲੀ ਕੋਠੀ ਵਿਚ ਮਾਤਾ ਭੁਪਿੰਦਰ ਕੌਰ ਅਤੇ ਮਾਤਾ ਅੰਬੋ ਜੀ ਦਾ ਡੇਰਾ ਕੀਤਾ ਗਿਆ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਬਾ ਹਰਨਾਮ ਸਿੰਘ ਜੀ ਦੇ ਡੇਰੇ (ਗੜ੍ਹਦੀਵਾਲਾ) ਵਿਖੇ ਮੌਜੂਦ ਸਨ। ਮਾਤਾ ਜੀ ਨੇ ਅਰਜ਼ ਕੀਤੀ, ਨਬਜ਼ ਧੀਮੀ ਹੋ ਰਹੀ ਸੀ। ਸਤਿਗੁਰੂ ਜੀ ਗੜ੍ਹਦੀਵਾਲ ਤੋਂ ਚੱਲ ਕੇ ਅੰਮ੍ਰਿਤ ਸਮੇਂ ਬਾਗ ਵਾਲੀ ਕੋਠੀ ਮਾਤਾ ਜੀ ਨੂੰ ਦਰਸ਼ਨ ਦਿੱਤੇ, ਮਾਤਾ ਜੀ ਨੇ ਦਰਸ਼ਨ ਕਰਕੇ ਪ੍ਰਾਣ ਤਿਆਗ ਦਿੱਤੇ। ਇਹ ਦਿਹਾੜਾ 14 ਸਤੰਬਰ 1924 ਈ. ਦਾ ਸੀ। ਇਕ ਯੁੱਗ ਦਾ ਅੰਤ ਹੋ ਗਿਆ।

......................................................

## ਆਜ਼ਾਦੀ ਦੀ ਜੰਗ

ਆਜ਼ਾਦੀ ਦੀ ਜੰਗ ਲੜੀ
ਇੰਜ ਅਣਖ ਦੇ ਪਹਿਰੇਦਾਰਾਂ ਨੇ।
ਤੋਪਾਂ ਦੇ ਮੂੰਹ ਬੰਦ ਕਰ ਦਿੱਤੇ,
ਸਿਰ ਦੇ ਕੇ ਸਰਦਾਰਾਂ ਨੇ।
ਸ਼ੇਰਾਂ ਨੇ ਉਹ ਰੰਗ ਵਿਖਾਇਆ,
ਸੁੱਤੀ ਕੌਮ ਨੂੰ ਝੂਣ ਜਗਾਇਆ।
ਜਿਸ ਤੇ ਪਿਆ ਇਹਨਾਂ ਦਾ ਸਾਯਾ,
ਉਹ ਲੜਿਆ ਹੋ ਦੂਣ ਸਵਾਇਆ।
ਸ਼ਰਮ ਨਾਲ ਸਿਰ ਨੀਵੇਂ ਕਰ ਲਏ,
ਜ਼ੁਲਮ ਦੀਆਂ ਤਲਵਾਰਾਂ ਨੇ। ਤੋਪਾਂ ਦੇ ......
ਹਰ ਦਿਲ ਵਿਚ ਐਸੀ ਅੱਗ ਬਾਲੀ,
ਹਰ ਚਿਹਰੇ ਤੇ ਛਾਈ ਲਾਲੀ।
ਬਣੇ ਗੁਲਾਮੀ ਗੰਦੇ ਗਾਹਲੀ,
ਬਣੀ ਸ਼ੇਰਨੀ ਹਰ ਪੰਚਾਲੀ।
ਚੂੜੀਆਂ ਲਾਹ ਕੇ ਕੜੇ ਪਾ ਲਏ,
ਸੋਹਣੀਆਂ ਬਾਂਕੀਆਂ ਨਾਰਾਂ ਨੇ। ਤੋਪਾਂ ਦੇ ......
ਤੁਰੇ ਇਕੱਠੇ ਹੋ ਦੀਵਾਨੇ,
ਸ਼ਮ੍ਹਾਂ ਅਜ਼ਾਦੀ ਦੇ ਪਰਵਾਨੇ।
ਜੇਲ੍ਹਾਂ ਬਣ ਗਈਆਂ ਮੈਅਖਾਨੇ,
ਇਸ਼ਕ ਵਤਨ ਦੇ ਪੈਮਾਨੇ।
ਪੀਤੇ ਭਰ ਭਰ ਜਾਮ ਸ਼ਹੀਦੀ,
ਰਲ ਮਿਲ ਕੇ ਸਭ ਯਾਰਾਂ ਨੇ। ਤੋਪਾਂ ਦੇ ......
ਖੋਰੀਆਂ ਗੋਰੇ ਦੀਆਂ ਜਗੀਰਾਂ,
ਰਾਵੀ ਤੇ ਸਤਲੁਜ ਦੇ ਨੀਰਾਂ।
ਤੋੜ ਦਿੱਤੀਆਂ ਸਭ ਜ਼ੰਜੀਰਾਂ,
ਰਲ ਕੇ ਹਿੰਦੂ ਮੁਸਲਿਮ ਵੀਰਾਂ।
ਖੋਇਆ ਜੀਣ ਦਾ ਹੱਕ ਜ਼ਾਲਿਮ ਤੋਂ,
ਦੇ ਕੇ ਜਾਨ ਹਕਦਾਰਾਂ ਨੇ।
ਤੋਪਾਂ ਦੇ ਮੂੰਹ ਬੰਦ ਕਰ ਦਿੱਤੇ,
ਸਿਰ ਦੇ ਕੇ ਸਰਦਾਰਾਂ ਨੇ।

**ਸਰਦਾਰ ਪੰਛੀ**

# ਅੰਮ੍ਰਿਤਸਰ ਦਾ ਸਾਕਾ – ਕਵੀਆਂ ਦੀ ਨਜ਼ਰ ਵਿੱਚ

**ਸੰਤ ਨਿਸ਼ਾਨ ਸਿੰਘ**
**94632-46448**



**ਮਹਾਰਾਜਾ ਰਣਜੀਤ ਸਿੰਘ ਦੀ ਮੌਤ–**

ਮੋਇਆ ਸ਼ੇਰ-ਪੰਜਾਬ ਦਾ ਜੱਗ ਪਿਆ ਕਹਾਰਾ।
ਰੋਏ ਰਾਜੇ ਰਾਣੀਆਂ ਰੁੰਨਾਂ ਜੱਗ ਸਾਰਾ।
ਰੁੰਨੀਂ ਧਰਤ ਪੰਜਾਬ ਦੀ ਕਹਿ 'ਹਾਏ ਸਰਦਾਰਾ'।
ਸੁੰਞੇ ਮਹਿਲ ਅਟਾਰੀਆਂ ਛੱਡ ਗਿਆ ਵਣਜਾਰਾ।
ਡੁੱਬਾ ਸੂਰਜ ਹਿੰਦ ਦਾ ਟੁੱਟਾ ਜਿੰਦ ਤਾਰਾ।
ਪੱਛਮ ਚਾਨਣ ਹੋ ਗਿਆ, ਪੂਰਬ ਅੰਧਿਆਰਾ।
(ਗਿਆਨੀ ਸੋਹਣ ਸਿੰਘ ਜੀ ਸੀਤਲ)

**ਕੌਮੀ ਗਿਰਾਵਟ ਅਤੇ ਪੰਜਾਬ ਦੀ ਹਾਲਤ–**

ਸਮੇਂ ਦੀ ਕੁਚਾਲ ਨੇ ਭੁਚਾਲ ਆਂਦਾ ਦੇਸ ਵਿਚ,
ਸਿੰਘ ਨਾ ਸੰਭਾਲ ਸੱਕੇ ਰਾਜ ਸਾਜ ਭਾਰਾ ਸੀ।
ਭਾਰਾ ਹੈ ਸੀ ਰੋਗ ਸੋਗ ਫੁੱਟ ਮਾਰ ਕੁੱਟ ਕੁੱਟ,
ਪੁੱਟ ਪੁੱਟ ਬਾਗ਼ ਸਤਲੁਜ ਬੀਚ ਡਾਰਾ ਸੀ।
ਡਾਰਾ ਸੀ ਗਵਾਂਢੀਆਂ ਨੇ ਜਾਲ ਆ ਬਿਸਾਲ ਸਾਰੇ,
ਘਰ ਘਰ ਪੈਰ ਆ ਪਖੰਡ ਨੇ ਪਸਾਰਾ ਸੀ।
ਸਾਰਾ ਸੀ ਕਰਤਾਰ ਸਿੰਘ, ਕਿਸੇ ਭੀ ਨ ਕਾਜ ਕੋਈ,
ਚੱਲ ਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ।

ਹਾਰਾ ਸੀ ਨਸੀਬ ਜਦੋਂ ਖਾਲਸੇ ਨੇ ਆਲਸੇ ਹੋ
ਮਨਮੱਤ ਚੰਦਰੀ ਕੁ-ਪੇਚ ਆਏ ਡਾਰਾ ਸੀ।
ਡਾਰਾ ਸੀ ਪ੍ਰਤਾਪ ਆਪ ਚੌੜ ਕਰ ਰੌੜ ਬੀਚ,
ਪੰਥ ਗਾੜ੍ਹੀ ਨੀਂਦ ਸੁੱਤਾ, ਜਾਗ ਨਾ ਸੰਭਾਰਾ ਸੀ।
ਭਾਰਾ ਸੀ ਬੇਸਾਰਾ ਪੰਥ ਗੁਰੂ ਗ੍ਰੰਥ ਭੁੱਲਾ।
ਛੱਡ ਗੁਰ ਰੀਤੀਆਂ ਕੁਰੀਤੀਆਂ ਨੂੰ ਧਾਰਾ ਸੀ।
ਚਾਰਾ ਸੀ ਨ ਕੋਈ ਤਦੋਂ ਦਿਸਦਾ ਕਰਤਾਰ ਸਿੰਘ
ਡਾਵਾਂਡੋਲ ਹੋਏ ਰਿਹਾ ਬੇੜਾ ਬੇਸਹਾਰਾ ਸੀ।
(ਗਿਆਨੀ ਕਰਤਾਰ ਸਿੰਘ ਕਲਾਸਵਾਲੀਆ)

**ਪੰਜਾਬ ਉਪਰ ਅੰਗ੍ਰੇਜ਼ਾਂ ਦਾ ਕਬਜ਼ਾ ਹੋਣ ’ਤੇ–**

ਜਦ ਸਿੱਖ ਰਾਜ ਦੀ ਦੋਸਤੋ, ਮੁੱਕ ਗਈ ਕਹਾਣੀ।
ਜਦ ਵਗਿਆ ਵਿਚ ਪੰਜਾਬ ਦੇ, ਬੇਮਜ਼ ਦਾ ਪਾਣੀ।
ਜਦ ਰੁਲ ਗਈ ਸ਼ੇਰ ਪੰਜਾਬ ਦੀ, ਜਿੰਦ ਜੀ ਭਿਆਣੀ
ਜਦ ਲੈ ਗਈ ਕਿਤੇ ਦਲੀਪ ਨੂੰ, ਬੁੱਚੜਾਂ ਦੀ ਢਾਣੀ।
ਜਦ ਫੇਰ ਭਬੀਸ਼ਨ ਜਾਗਿਆ, ਕਰ ਨੀਯਤ ਕਾਣੀ
ਉਸ ਲੁੱਟੀ ਵਿੱਚ ਖਲੋ ਕੇ, ਲੰਕਾ ਦੀ ਰਾਣੀ।
ਜਦ ਫੁੱਟਾ ਚਾਟਾ ਅਣਖ ਦਾ, ਟੁੱਟ ਗਈ ਮਧਾਣੀ
ਫਿਰ ਮੱਖਣ ਕਿਵੇਂ ਵਿਰੋਲਦੀ, ਤਕਦੀਰ ਅੰਞਾਣੀ।

ਆ ਕਬਜਾ ਕੀਤਾ ਗੋਰਿਆਂ, ਹਰ ਗਏ ਪੰਜਾਬੀ।
ਖਹਿ ਖ਼ਾਰਾਂ ਵਿਚ ਪਰੁਚਿਆ, ਹਥ ਫੁੱਲ ਗੁਲਾਬੀ।
ਵੱਜ ਜੰਦਰੇ ਗਏ ਦਿਮਾਗ਼ ਨੂੰ, ਫੁੱਟ ਲੈ ਗਈ ਚਾਬੀ।
ਜਦ ਆਂਦੀ ਰੰਨ ਗਰੀਬ ਨੇ, ਛੜਿਆਂ ਦੀ ਭਾਬੀ।
ਜਦ ਭੜ ਭੜ ਮੱਚੀ ਈਰਖਾ, ਜਲ ਗਈ ਮਤਾਬੀ।
ਸਭ ਸੜ ਗਈ ਕਿਸਮਤ ਦੇਸ਼ ਦੀ, ਝੁੱਲ ਗਈ ਖਰਾਬੀ।
ਜਦ ਚੁੰਮੀ ਚਿੱਟੀ ਚੁਗ਼ਲ ਨੇ, ਗੋਰੀ ਗੁਰਗਾਬੀ।
ਤਦ ਹਾਵੀ ਹੋ ਗਈ ਬਾਜ਼ ’ਤੇ, ਹਰ ਥਾਂ ਮੁਰਗ਼ਾਬੀ।
(ਹਰਸਾ ਸਿੰਘ ਜੀ ਚਾਤਰ)

**ਸਰਕਾਰ ਵੱਲੋਂ ‘ਪਾੜੋ ਅਤੇ ਰਾਜ ਕਰੋ’ ਦੀ ਨੀਤੀ ਤਹਿਤ ਪੰਜਾਬ ਵਿੱਚ ਬੁੱਚੜਖਾਨੇ ਖੋਲ੍ਹਣੇ–**

ਸੋਚ ਸਮਝ ਕੇ ਗੌਰਮੈਂਟ ਇਕ ਚਾਲ ਚਲਾਈ,
‘ਪਾੜੋ ਤੇ ਰਾਜ ਕਰੋ’ ਦੀ ਨੀਤੀ ਅਪਣਾਈ।
ਐਸੀ ਤੀਲੀ ਈਰਖ਼ਾ ਦੀ, ਉਨ੍ਹਾਂ ਘਰ ਘਰ ਲਾਈ,
ਪਲ ਵਿਚ ਦੁਸ਼ਮਣ ਹੋ ਗਏ ਭਾਈਆਂ ਦੇ ਭਾਈ।
ਇਕ ਦੂਜੇ ਨੂੰ ਢਾਹੁਣ ਲਈ ਕੱਸ ਲਏ ਲੰਗੋਟੇ,
ਭਿੜ ਪਏ ਆਪੋ ਵਿਚ ਨੇ ਜਿਉਂ ਭਿੜਦੇ ਝੋਟੇ।
ਭਾਂਬੜ ਮੱਚੇ ਈਰਖ਼ਾ ਦੇ ਅੰਦਰਖ਼ਾਨੇ,
ਝੁਲਸ ਗਏ ਨੇ ਅੱਗ ਵਿਚ ਜੋ ਵੱਡੇ ਦਾਨੇ।
ਵਿਚ ਭਰਾਵਾਂ ਆਣ ਕੇ ਇਨ੍ਹਾਂ ਪੜਦੇ ਤਾਨੇ,
ਥਾਂ ਥਾਂ ਖੋਲੇ ਪਾਂਬਰਾਂ ਇਨ੍ਹਾਂ ਬੁੱਚੜਖਾਨੇ।
ਮਜ਼ੁਬੀ ਏਸ ਜਨੂੰਨ ਨਾਲ ਪਿਆ ਚੀਕ ਚਿਹਾੜਾ,
ਪੈ ਗਿਆ ਹਿੰਦੂਆਂ ਮੋਮਨਾਂ ਵਿਚ ਵੱਡਾ ਪਾੜਾ।
(ਪ੍ਰਿੰ. ਅਜੀਤ ਸਿੰਘ ਜੀ ਚੀਮਾ)

**ਦਰਬਾਰ ਸਾਹਿਬ ਦੀ ਮਹਿਮਾ–**

ਮਾਝੇ ਦੇਸ ਪੰਜਾਬ ਦੇ ਮੁਲਖ ਅੰਦ੍ਰ,
ਅੰਮ੍ਰਿਤਸਰ ਭਾਰੀ ਗੁਰੂ ਧਾਮ ਹੈ ਜੀ।
ਚੌਹਾਂ ਤਖਤਾਂ ਦੇ ਵਿਚੋਂ ਹੈ ਤਖ਼ਤ ਵੱਡਾ,
ਜਿਥੇ ਗੁਰਾਂ ਕੀਤਾ ਬਿਸਰਾਮ ਹੈ ਜੀ।
ਚੌਥੇ ਗੁਰੂ ਬੱਧੀ ਨਗਰੀ ਆਪ ਆਕੇ,
ਰਾਮਦਾਸ ਪੁਰਾ ਇਸਦਾ ਨਾਮ ਹੈ ਜੀ।
ਏਦ੍ਹੀ ਉਪਮਾ ਗੁਰੂ ਗਰੰਥ ਅੰਦ੍ਰ,
ਨਹੀਂ ਜੀਵ ਦੇ ਕਰਨ ਦਾ ਕਾਮ ਹੈ ਜੀ।
ਓਹੀ ਧਰਤ ਸੁਹਾਵੀ ਤੇ ਤਾਲ ਸੋਹਣਾ,
ਬਸੇ ਸੰਘਣਾ ਗੁਰਾਂ ਦਾ ਗਾਮ ਹੈ ਜੀ।
ਮੰਦਰ ਤਾਲ ਦੇ ਵਿਚ ਸੁਹਾਂਵਦਾ ਹੈ,
ਸੱਚ ਖੰਡ ਬੈਕੁੰਠ ਦਾ ਧਾਮ ਹੈ ਜੀ।
ਦਰਸ਼ਨ ਕਰਦਿਆਂ ਵਾਹਿਗੁਰੂ ਯਾਦ ਆਵੇ,
ਦੁਖ ਦੂਰ ਹੋਵੇ ਕੋੜ੍ਹ ਆਮ ਹੈ ਜੀ।
ਹੋਵੇ ਸ਼ਾਂਤ ਸਰੀਰ ਨੂੰ ਬਖ਼ਤ ਉਸੇ,
ਤੜਕੇ ਨ੍ਹਾਇਕੇ ਜਪੇ ਜੋ ਨਾਮ ਹੈ ਜੀ।
ਜਲੋਂ ਥਲੋਂ ਪੁਲਾੜ ਅਵਾਜ ਦਿੰਦਾ,
ਵਾਹਿਗੁਰੂ ਸਾਰੇ ਰਾਮ ਰਾਮ ਹੈ ਜੀ।
ਹਿੰਦੂ ਤੁਰਕ ਇਸਾਈ ਜੇ ਦਰਸ ਪਾਵੇ,
ਆਵੇ ਚਿਤ ਨੂੰ ਸ਼ਾਂਤ ਅਰਾਮ ਹੈ ਜੀ।
ਕਾਂਸ਼ੀ, ਗੰਗਾ ਤੇ ਮੱਕਾ ਮਦੀਨੜਾ ਜੋ,
ਤੁੱਲ ਏਸਦੀ ਹੋਰ ਨਾ ਧਾਮ ਹੈ ਜੀ।
(ਗਿਆਨੀ ਕਾਲਾ ਸਿੰਘ ਜੀ ਨੰਗਲ)

**ਘੰਟਾ ਘਰ ਕੋਲ ਬੁੱਚੜਖ਼ਾਨਾ–**

ਇਕ ਘੰਟੇ ਘਰ ਦੀ ਕੰਧ ਨੂੰ, ਮੱਲ ਲਿਆ ਕਸਾਈਆਂ।
ਲਾ ਬਾਹਰ ਦੁਕਾਨਾਂ ਵੇਚਦੇ, ਅੰਦਰ ਕਤਲਾਈਆਂ।
ਚੁੱਕ ਅੰਮ੍ਰਿਤਸਰ ਵਿਚ ਬੋਟੀਆਂ, ਕਾਵਾਂ ਨੇ ਪਾਈਆਂ
ਥਾਂ ਥਾਂ ’ਤੇ ਗਿਰਜਾਂ ਬੈਠੀਆਂ, ਚੀਲਾਂ ਮੰਡਲਾਈਆਂ।
ਮੂੰਹ ਚੁੱਕ ਅੜਿੱਗੀਆਂ ਅਰਸ਼ ਨੂੰ, ਗਊਆਂ ਘਬਰਾਈਆਂ।
ਜੇ ਮਰਦ ਜੁਵਾਬਾ ਦੇਣ ਨਾ, ਕੀ ਦੇਣਾ ਮਾਈਆਂ।
ਸਨ ਕਿੱਥੇ ਉਦੋਂ ਸੂਰਮੇ, ਅਰਸ਼ਾਂ ਦਿਆ ਸਾਈਆਂ।
ਜੋ ਗਊ ਰੱਖਿਆ ਦੇ ਨਾਮ ਤੇ ਅੱਜ ਦੇਣ ਦੁਹਾਈਆਂ।
(ਹਰਸਾ ਸਿੰਘ ਜੀ ਚਾਤਰ)

**ਹਿੰਦੂਆਂ ਅਤੇ ਸਿੱਖਾਂ ਦੀਆਂ ਸਰਕਾਰ ਅੱਗੇ ਅਰਜ਼ੀਆਂ, ਜੋ ਮੰਨੀਆਂ ਨ ਗਈਆਂ –**

ਗਏ ਕੋਲ ਅੰਗ੍ਰੇਜਾਂ ਦੇ ਅਰਜ਼ ਕਰਨੇ
ਹਿੰਦੂ ਸਿੰਘ ਰਲ਼ ਕੇ ਕਈ ਵਾਰ ਵੀਰੋ।
ਗਊ ਮਾਰਨੀ ਹੋ ਜਾਵੇ ਬੰਦ ਏਥੋਂ
ਦਿੱਤੀਆਂ ਅਰਜੀਆਂ ਪਾਸ ਸਰਕਾਰ ਵੀਰੋ।
ਮੰਨੀ ਇਕ ਅੰਗ੍ਰੇਜਾਂ ਨੇ ਕਿਸੇ ਦੀ ਨਾ
ਦੇ ਦੇ ਅਰਜੀਆਂ ਗਏ ਸੀ ਹਾਰ ਵੀਰੋ।
ਬੁੱਚੜ ਮਾਰਨੇ ਲੀਏ ਹਰਨਾਮ ਸਿੰਘ
ਕੂਕੇ ਸਿਖ ਕਰ ਰਹੇ ਵੀਚਾਰ ਵੀਰੋ।
(ਸੰਤ ਖਾਲਸਾ, ਸੰਤ ਹਰਨਾਮ ਸਿੰਘ ਜੀ ਬਗਲੀ ਕਲਾਂ)

**ਨਾਮਧਾਰੀ ਸਿੰਘਾਂ ਨੇ ਇਸ਼ਨਾਨ ਕਰਨ ਜਾਣਾ ਅਤੇ ਦਰਬਾਰ ਦੀ ਬੇਪਤੀ ਦੇਖ ਦੁਖੀ ਹੋਣਾ–**

ਬੇਪਤੀ ਨਿਹਾਰ ਗੁਰੂ ਦਰਬਾਰ ਦੀ
ਸਿੰਘ ਹੋਏ ਦੁਖਿਆਰੇ ਭਾਰੇ।
ਲਟ ਲਟ ਲਾਟਾਂ ਦਿਲ ’ਚੋਂ ਨਿਕਲਣ,
ਸਾੜ ਸੁੱਟੇ ਜਿਨ੍ਹਾਂ ਆਨੰਦ ਸਾਰੇ।
ਖਾਨ ਤੇ ਪਾਨ ਹਰਾਮ ਗੁਲਾਮ ਦਾ,
ਧਾਮ ਤੇ ਦਾਮ ਲਗਣ ਬਿਖ ਆਰੇ।
ਸਾਹ ਅੜੇ ਗਲ, ਨੀਰ ਅੱਖਾਂ ਵਿੱਚ,
ਡੁਬਦੇ ਜਾਣ ਸਿੰਧੁ ਗ਼ਮ ਖ਼ਾਰੇ।
(ਸੰਤ ਨਿਸ਼ਾਨ ਸਿੰਘ)

**ਸਿੰਘਾਂ ਵੱਲੋਂ ਗੁਰਮਤਾ–**

ਲਹਿਣਾ ਸਿੰਘ ਦੇ ਘਰ, ਸਿੰਘਾਂ ਏ ਗੱਲ ਵਿਚਾਰੀ,
ਹਰੀ ਮੰਦਰ ਦੀ ਹੋ ਰਹੀ ਬੇਅਦਬੀ ਭਾਰੀ।
ਸਿਰ ਤੋਂ ਪਾਣੀ ਲੰਘ ਗਿਆ, ਗਈ ਅਣਖ ਵੰਗਾਰੀ,
ਏ ਹੱਤਕ ਸਾਥੋਂ ਹੋਰ ਨਾ, ਹੁਣ ਜਾਏ ਸਹਾਰੀ।
ਹੱਥੀਂ ਬੰਨ੍ਹੋ ਯੋਧਿਓ, ਹੁਣ ਮੌਤ ਦੇ ਗਾਨੇ,
ਫੜ੍ਹ ਤਲਵਾਰਾਂ ਢਾਹ ਦਿਓ ਏ ਬੁੱਚੜਖ਼ਾਨੇ।

ਨਾਨਕ ਗੁਰੂ ਗੋਬਿੰਦ ਦੇ ਅਸੀਂ ਨਾਦੀ ਜਾਏ,
ਅਸੀਂ ਜੰਮੇਂ ਤੇਗ ਦੀ ਧਾਰ 'ਚੋਂ, ਸਾਨੂੰ ਮੌਤ ਖਿਡਾਏ।
ਸਾਨੂੰ ਨੇਜ਼ੇ ਢਾਲਾਂ ਬਰਛੀਆਂ ਨੇ ਕਰਦੇ ਸਾਏ,
ਅਸੀਂ ਪੀ ਪੀ ਖੱਪਰ ਖ਼ੂਨ ਦੇ ਵੀ ਰਹੇ ਤਿਹਾਏ।
ਅਸੀ ਵੀਰ ਬਹਾਦਰ ਸੂਰਮੇ ਨਹੀਂ ਬੁਜ਼ਦਿਲ ਸਾਥੀ,
ਅਸੀਂ ਮਾਰ ਭਜਾਈਏ ਨਾਗਨੀ ਕਈ ਖ਼ੂਨੀ ਹਾਥੀ।
ਵੈਰੀ ਹੈਸਨ ਕੰਬਦੇ ਸੁਣ ਸਾਡੀਆਂ ਸੋਆਂ,
ਲੱਖਾਂ ਜ਼ਾਲਮ ਡੋਬਤੇ, ਇਨ੍ਹਾਂ ਤਿੱਖੀਆਂ ਰੋਆਂ।

ਨੇੜੇ ਮੌਤ ਨਾਂ ਆਂਵਦੀ ਸਾਡੇ ਲੱਖਾਂ ਕੋਹਾਂ,
ਸਾੜ ਨਾ ਸਕੀਆਂ ਅਸਾਂ ਨੂੰ ਕੋਈ ਤੱਤੀਆਂ ਲੋਹਾਂ।
ਆਪਣੇ ਉਸ ਇਤਿਹਾਸ ਨੂੰ ਤੁਸੀਂ ਫਿਰ ਦੁਹਰਾਓ,
ਟੱਪੋ ਇਸ ਲਕੀਰ ਨੂੰ ਜਿਹਨੂੰ ਮਰਨ ਦਾ ਚਾਓ।

ਆਰੇ ਦਿਆਂ ਦੰਦਿਆਂ ਸਾਨੂੰ ਹੈ ਅਜ਼ਮਾਇਆ,
ਦੇਗਾਂ ਦੇ ਵਿਚ ਬੈਠ ਕੇ ਅਸਾਂ ਇਸ਼ਕ ਕਮਾਇਆ।
ਭੱਠੀਆਂ ਭੱਖਦੀਆਂ ਵੇਖ ਕੇ ਸਾਨੂੰ ਖੌਫ਼ ਨਾ ਆਇਆ,
ਲੋਹਾਂ ਉੱਤੇ ਬੈਠ ਕੇ, ਅਸਾਂ ਯਾਰ ਮਨਾਇਆ।
ਅਸੀਂ ਮੰਗੀਏ ਮੰਗ ਨਾ ਕਿਸੇ ਤੋਂ, ਬਣ ਕਦੀ ਭਿਖਾਰੀ,
ਅਸੀਂ ਕਾਇਮ ਰੱਖਾਂਗੇ ਤੇਗ ਨਾਲ ਆਪਣੀ ਸਰਦਾਰੀ।

ਏਥੇ ਆਪ ਹਰੀ ਦਾ ਵਾਸ ਹੈ ਕੋਈ ਨਹੀਂ ਅਡੰਬਰ,
ਏਥੇ ਆਉਣ ਨਹੀਂ ਦਿੱਤਾ ਕਦੀ ਵੀ ਕੋਈ ਬੜਾ ਬਤੰਗੜ।
ਏਥੇ ਜਿਸ ਨਚਾਈ ਵੇਸਵਾ ਬਣ ਵਹਿਸ਼ੀ ਡੰਗਰ,
ਮਰਿਆ ਕਿੱਦਾਂ ਵੇਖ ਲਉ ਤੁਸੀਂ ਮੱਸਾ ਰੰਘੜ।
ਰੋਹ ਵਿਚ ਆ ਕੇ ਖਾਲਸੇ ਜਦ ਤੇਗ ਉਠਾਈ,
ਝੱਟ ਪੈਰਾਂ ਵਿਚ ਲਤਾੜਤੀ ਉਹਦੀ ਰੰਘੜਾਈ।

ਸਮਾਂ ਆ ਗਿਆ ਅਣਖੀਓ ਹੁਣ ਅਣਖ ਵਿਖਾਓ,
ਰਾਖੀ ਗਊ ਗਰੀਬ ਦੀ, ਲਈ ਅੱਗੇ ਆਓ।
ਜੋ ਖੂਨ ਡੋਲ੍ਹਦੇ ਗਊ ਦਾ, ਬੁੱਚੜ ਝਟਕਾਓ,
ਹਰੀ ਮੰਦਰ ਦੀ ਸ਼ਾਨ ਲਈ ਜਿੰਦ ਘੋਲ ਘੁਮਾਓ।
(ਪ੍ਰਿੰ. ਅਜੀਤ ਸਿੰਘ ਜੀ ਚੀਮਾ)

**ਸਿੰਘਾਂ ਵੱਲੋਂ ਅਰਦਾਸਾ–**

ਪ੍ਰਿਥਮ ਭਗੌਤੀ ਦਾ ਧਰਨ ਧਿਆਨ ਲਗੇ,
ਬੀਹਲਾ ਸਿੰਘ ਅਰਦਾਸ ਉਚਾਰ ਸਤਿਗੁਰ।
ਗੁਰੂ ਨਾਨਕ ਜੀ ਤੇ ਸ੍ਰੀ ਗੁਰੂ ਅੰਗਦ,
ਅਮਰਦਾਸ ਗੁਰ ਜੀ ਕਰਨਹਾਰ ਸਤਿਗੁਰ।
ਰਾਮਦਾਸ ਗੁਰੁ ਜੀ ਦੀਨ ਦਿਆਲ ਦਾਤਾ,
ਸ੍ਰੀ ਗੁਰੂ ਅਰਜਨ ਕਰਤਾਰ ਸਤਿਗੁਰ।
ਛੇਵੇਂ ਗੁਰੂ ਹਰਗੋਬਿੰਦ ਜੀ ਕਰੋ ਮਦਦ,
ਬੀਰ ਰਸ ਬਖਸ਼ੋ ਕਿਰਪਾ ਧਾਰ ਸਤਿਗੁਰ।
ਦੇਗ ਤੇਗ ਦੇ ਧਨੀ ਹਰ ਰਾਇ ਗੁਰ ਜੀ,
ਸ੍ਰੀ ਹਰ ਕ੍ਰਿਸ਼ਨ ਮਦਦਗਾਰ ਸਤਿਗੁਰ।
ਗੁਰੂ ਤੇਗ ਬਹਾਦਰ ਤੇ ਹਿੰਦ ਚਾਦਰ,
ਕੀਤਾ ਹਿੰਦ ਤੇ ਹੈ ਉਪਕਾਰ ਸਤਿਗੁਰ।
ਦਸਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ,
ਧਰਮ ਧੁਜਾ ਦਾ ਹੈਂ ਅਵਤਾਰ ਸਤਿਗੁਰ।
ਗੁਰੂ ਗਿਆਰਵਾਂ ਰੂਪ ਤੂੰ ਧਾਰਿਆ ਏ,
ਗੁਰੂ ਬਾਲਕ ਸਿੰਘ ਸਿਰਜਣਹਾਰ ਸਤਿਗੁਰ।
ਸਤਿਗੁਰ ਰਾਮ ਸਿੰਘ ਜੀ ਅਕਾਲ ਪੁਰਖ ਤੂੰ ਹੈ,
ਭਾਰਤ ਗਊਆਂ ਦਾ ਰੱਖਣਹਾਰ ਸਤਿਗੁਰੂ।
ਤੇਰਾ ਆਸਰਾ ਅਸਾਂ ਨੇ ਤੱਕਿਆ ਏ,
ਤੂੰ ਅਸਾਂ ਦਾ ਹੈਂ ਮਦਦਗਾਰ ਸਤਿਗੁਰ।
ਪੰਜ ਪਿਆਰੇ ਕਰੋ ਅੰਗ ਸੰਗ ਸਾਡੇ,
ਸਾਹਿਬਜ਼ਾਦੇ ਗੁਰੂ ਕੇ ਚਾਰ, ਸਤਿਗੁਰ।
ਬੀਰ ਰਸ ਬਖਸ਼ੋ ਬੁੱਚੜ ਕਤਲ ਕਰੀਏ,
ਜਦੋਂ ਫੜੀਏ ਅਸੀਂ ਤਲਵਾਰ ਸਤਿਗੁਰ।
ਜ਼ਾਲਮ ਕਤਲ ਕਰੀਏ ਮਦਦ ਹੈ ਤੇਰੀ,
ਪਤਾ ਲੱਗੇ ਨਾ ਸਾਡਾ ਬਿਚਾਰ ਸਤਿਗੁਰ।
ਗਊ ਰੱਖਿਆ ਵਾਸਤੇ ਅਰਜ਼ ਸਾਡੀ,
ਰਹੇ ਜਗਤ 'ਚ ਅਦਬ ਦਰਬਾਰ ਸਤਿਗੁਰ।
ਬਲ ਬੁਧ ਬੀਰ ਰਸ ਦੀ ਦਾਤ ਦੇਵੇ,
ਮਦਦ ਆਪ ਦੀ ਹੋਵੇ ਅਪਾਰ ਸਤਿਗੁਰ।
ਕਾਹਲਾ ਸਿੰਘ ਨੇ, ਸਿੰਘ ਅਰਦਾਸ ਕਰਦੇ,
ਚੜ੍ਹਦੀ ਕਲਾ ਹੋਵੇ ਜੈ ਜੈ ਕਾਰ ਸਤਿਗੁਰ॥੧੫॥
(ਗਿਆਨੀ ਕਾਲਾ ਸਿੰਘ ਜੀ ਨੰਗਲ)

**ਅਣਖੀ ਪ੍ਰਵਾਨਿਆਂ ਦੇ ਨਾਮ–**

ਬੀਹਲਾ ਸਿੰਘ ਬਲੀ ਬਾਂਕਾ ਵਾਸੀ ਪਿੰਡ ਨਾਰਲੀ ਦਾ
ਰੋਮ-ਰੋਮ ਜਿਦ੍ਹੇ ਰਾਮ ਸਿੰਘ ਸੀ ਸਮਾਯਾ ਹੋਯਾ।
ਫਤਹਿ ਸਿੰਘ ਭਾਟੜਾ ਜੋ ਕਰਦਾ ਦੁਕਾਨਦਾਰੀ,
ਪ੍ਰੇਮ ਦਾ ਵਿਹਾਜ ਸੌਦਾ ਦਿਲ ਹੱਟੀ ਪਾਯਾ ਹੋਯਾ।
ਲੈਹਣਾ ਸਿੰਘ ਕਾਰੀਗਰ ਵੱਸਦਾ ਸੀ ਸੁਧਾਸਰ
ਜਿਲ੍ਹੇ ਗੁਰਦਾਸਪੁਰ ਪੰਨਵਾਂ ਤੋਂ ਆਯਾ ਹੋਯਾ।
ਹਾਕਮ ਜੀ ਪਟਵਾਰੀ ਆਯਾ ਪਿੰਡ ਮੌੜਿਆਂ ਤੋਂ
ਪੁੱਤਰ ਬ੍ਰਾਹਮਣਾਂ ਦਾ ਬ੍ਰਹਮ 'ਚ ਸਮਾਯਾ ਹੋਯਾ।
ਬਚਨਾ ਦਾ ਸੂਰਾ ਪੂਰਾ ਸੰਧੂ ਭਗਵਾਨ ਸਿੰਘ
ਜਿਸ ਮਹਾਂਬਲੀ ਦਾ ਨਾ ਵਾਰ ਕੋਈ ਝੱਲਦਾ।
ਮਿਹਰ ਸਿੰਘ ਉੱਤੇ ਕੀਤੀ ਮਿਹਰ ਗੁਰੂ ਰਾਮ ਸਿੰਘ
ਲੱਖ-ਲੱਖ ਮੁੱਲ ਜਿਦ੍ਹੀ ਇੱਕ-ਇੱਕ ਗੱਲ ਦਾ।
ਝੰਡਾ ਸਿੰਘ ਠੱਟਾ ਜਿਸ ਰਣ ਵਿੱਚ ਡੱਟ ਜਾਵੇ
ਹਟਦਾ ਨਾ ਪਿੱਛੇ ਨਾ ਫ਼ਿਕਰ ਦਮ ਖੱਲ ਦਾ।
ਜਿੰਦਗੀ ਦਾ ਲੱਛ ਮੰਨ ਲਛਮਣ ਸਿੰਘ ਆਯਾ
ਜਿਸਦੀ ਹੁੰਕਾਰ ਸੁਣ ਸਾਗਰ ਉੱਛਲਦਾ।

ਲਾਲ ਸਿੰਘ ਭਾਲੋਵਾਲੀ ਕੀਤੀ ਕਾਰ ਸਿੰਘਾਂ ਵਾਲੀ
ਪੁਲਿਸ ਦੀਆਂ ਬੈਰਕਾਂ ਚੋਂ ਆਂਦੇ ਹਥਿਆਰ ਨੇ।
ਲਹਿਣਾ ਸਿੰਘ ਆਯਾ ਲੈਂਨ੍ਹਾ ਸਿਰ ਤੋਂ ਉਤਾਰਨੇ ਨੂੰ
ਬੁੱਚੜ ਬਿਦਾਰਨੇ ਤੇ ਗਊਆਂ ਨੂੰ ਉਬਾਰਨੇ।
ਗੁਰੂ ਸਮਰਥ ਹੱਥ ਰੱਖਿਆ ਜਿਨ੍ਹਾਂ ਦੇ ਸਿਰ
ਉਨ੍ਹਾਂ ਨੇ ਹੀ ਸਿਰ ਦੇਸ਼ ਕੌਮ ਉਤੋਂ ਵਾਰਨੇ।
ਦਮ ਦੇ ਕੇ ਜਿਨ੍ਹਾਂ ਦਾਮ ਤੋੜੀ ਹੈ ਗੁਲਾਮੀਆਂ ਦੀ
ਜੀਵਨ ਬੇਦਾਮ ਹੋਏ ਵਿੱਚ ਸੰਸਾਰ ਨੇ।
(ਸੰਤ ਨਿਸ਼ਾਨ ਸਿੰਘ)

**ਸਾਰੀ ਦੁਨੀਆਂ ਵਿਚੋਂ ਬੇਮਿਸਾਲ ਰੀਕਾਰਡ–**

ਹਾਕਮ ਸਿੰਘ ਦੀ ਇਸਤ੍ਰੀ ਸੇਹਰਯਾਂ ਦੀ,
ਸੀ ਓਹ ਪਦਮਨੀ ਨਸਲ ਦੀ ਨਾਰ ਸੋਹਣੀ।
ਲੈਕੇ ਆਇਆ ਦਰੌਜਾ ਥਾ ਰੋਜ਼ ਓਸੇ,
ਦੇਖੀ ਨਾਰ ਘਰ ਦੀ ਪੈਹਲੀ ਵਾਰ ਸੋਹਣੀ।
ਪਰੀ ਪਦਮਨੀ ਇੰਦ੍ਰ ਦੇ ਖਾੜਯਾਂ ਦੀ,
ਫਿਰਦੀ ਲਾਇਕੇ ਹਾਰ ਸ਼ਿੰਗਾਰ ਸੋਹਣੀ।
ਕੰਤ ਨਾਰ ਦੋਨੋਂ ਖੁਸ਼ੀ ਹੋ ਰਹੇ ਸੀ,
ਕਿਸੇ ਆਣ ਦਿਤੀ ਹਾਕ ਮਾਰ ਸੋਹਣੀ।
ਮੌਕਾ ਅੱਜ ਸ਼ਹੀਦੀਆਂ ਪੌਣ ਦਾ ਹੈ,
ਪੂਰੀ ਕਰੋ ਜੋ ਕੀਤੀ ਅਕਰਾਰ ਸੋਹਣੀ।
ਤੇਗਾਂ ਲੈ ਲਈਆਂ ਸਿੰਘ ਤਿਆਰ ਸਾਰੇ,
ਕਰੋ ਬੁੱਚੜਾਂ ਸੇ ਘੱਲੂਘਾਰ ਸੋਹਣੀ।
ਉੱਠ ਤੁਰੋ ਭਾਰਾ ਮੌਕਾ ਅੱਜ ਹੀ ਹੈ,
ਵਾਹੋ ਰੱਜ ਕੇ ਅੱਜ ਤਲਵਾਰ ਸੋਹਣੀ।
ਕੇਸੀਂ ਨ੍ਹਾਇਕੇ ਹਾਰ ਸ਼ਿੰਗਾਰ ਲਾ ਕੇ,
ਮੌਤ ਲਾੜੀ ਭੀ ਹੋ ਗਈ ਤਿਆਰ ਸੋਹਣੀ।
ਇਧਰ ਨਾਰ ਘਰ ਦੀ ਓਧਰ ਮੌਤ ਲਾੜੀ,
ਦੋਨਾਂ ਵਿਚ ਹੋ ਗਈ ਤਕਰਾਰ ਸੋਹਣੀ।
ਹਾਕਮ ਸਿੰਘ ਦੇਖੋ ਕੇਹੜੀ ਨਾਰ ਵਰਦੈ,
ਇਮਤਿਹਾਨ ਦੀ ਹੋਈ ਵਿਚਾਰ ਸੋਹਣੀ।
ਘਰ ਦੀ ਪਦਮਨੀ ਨਾਰ ਨੂੰ ਛੱਡ ਕੇ,
ਕਰੀ ਮੌਤ ਲਾੜੀ ਸਵੀਕਾਰ ਸੋਹਣੀ।
ਬੇਮਿਸਾਲ ਇਹ ਮਿਸਲ ਹਰਨਾਮ ਸਿੰਘ,
ਯਾਦ ਰਹੂਗੀ ਵਿੱਚ ਸੰਸਾਰ ਸੋਹਣੀ।
(ਸੰਤ ਹਰਨਾਮ ਸਿੰਘ ਬਗਲੀ ਕਲਾਂ)

**ਬੁਚੜਖਾਨੇ ਤੇ ਹਮਲਾ–**

ਓਨ੍ਹਾਂ ਅੱਧੀ ਰਾਤ ਵਿਚਾਰ ਕੇ, ਚੁੱਕੀਆਂ ਤਲਵਾਰਾਂ।
ਜਾ ਟੱਪ ਅਹਾਤਾ ਮਾਰੀਆਂ, ਬੁੱਚੜਾਂ ਨੂੰ ਮਾਰਾਂ।
ਝੱਟ ਸਿਰ ਧੜ ਵੱਖੋ ਵੱਖਰੇ, ਕੀਤੇ ਹਥਿਆਰਾਂ।
ਫੁੱਟ ਨਿਕਲੇ ਨਾਲੇ ਰੱਤ ਦੇ, ਸਰਗਰਮ ਝਲਾਰਾਂ।
ਸੀ ਜੀਹਨਾਂ ਜ਼ੁਲਮ ਗੁਜਾਰਿਆ, ਬੇ ਤਰਸ ਜ਼ਬਾਰਾਂ।
ਜਾ ਰਾਤ ਵਜਾਏ ਕੂਕਿਆਂ, ਉਨ੍ਹਾਂ ਦੇ ਬਾਰਾਂ।
ਸਨ ਏਦਾਂ ਸਿਰੀਆਂ ਕੱਟੀਆਂ, ਸਿੰਘਾਂ ਸਰਦਾਰਾਂ।
ਫੜ੍ਹ ਜਿਓਂ ਖਰਬੂਜ਼ੇ ਵੱਲ ਤੋਂ, ਤੋੜੇ ਘੁਮਿਆਰਾਂ।
ਇਉਂ ਵੱਗ ਛੁਡਾਇਆ ਯੋਧਿਆਂ, ਉਪਕਾਰ ਕਮਾਏ।
ਸਭ ਰੱਸੇ ਵੱਢ ਵੱਢ ਖਿੜਕਿਉਂ, ਸਨ ਤੋੜ ਭਜਾਏ।
ਜੋ ਵੈਰੀ ਗਊ ਗਰੀਬ ਦੇ, ਸਭ ਮਾਰ ਖਪਾਏ।
ਦੇ ਜੋਰ ਤਨਾਵਾਂ ਖਿੱਚੀਆਂ, ਬਿਨ ਪਰੋਂ ਉਡਾਏ।
ਨਾ ਅੱਖ ਉਘਾੜੀ ਕਿਸੇ ਵੀ, ਨਾ ਕੀਤੀ ਹਾਏ।
ਇਹ ਚੁਪ ਚਪਾਤੇ ਗਏ ਸੀ, ਕਰ ਕਾਰਜ ਆਏ।
ਕਰ ਮਰਦਾਂ ਨੇ ਮਰਦਾਨਗੀ, ਜੋ ਜੌਹਰ ਵਿਖਾਏ।
ਚਮਕਣ ਵਿਚ ਅਕਾਸ਼ ਦੇ ਜਸ ਦੁਨੀਆਂ ਗਾਏ।
(ਹਰਸਾ ਸਿੰਘ ਜੀ ਚਾਤਰ)

**ਸਿੰਘਾਂ ਦਾ ਫਰਾਰ ਹੋਣਾ–**

ਬੁੱਚੜ ਕਤਲ ਕਰ ਕੇ ਨਾਮਧਾਰੀਆਂ ਨੇ,
ਲਾਲ ਸਿੰਘ ਨੂੰ ਦਿਤੇ ਹਥਿਆਰ ਹੈ ਜੀ।
ਖਿੰਡ ਗਏ ਸਾਰੇ ਅੱਡੋ ਅੱਡ ਹੋ ਗਏ,
ਪਿੰਡਾਂ ਵਿਚ ਕਰਦੇ ਕੰਮ ਕਾਰ ਹੈ ਜੀ।
ਮੇਹਰ ਸਿੰਘ ਝੰਡਾ ਸਿੰਘ ਦੋਏਂ ਸਾਥੀ,
ਸਫ਼ਾ ਜੰਗ ਆ ਦਿਤੇ ਸੰਭਾਰ ਹੈ ਜੀ।
ਦਿਨ ਚੜ੍ਹਿਆ ਪੁਲਸ ਨੂੰ ਖ਼ਬਰ ਹੋਈ,
ਪੁਲਸ ਆਈ ਡਾਢੀ ਠਾਣੇਦਾਰ ਹੈ ਜੀ।
ਪੁਲਸ ਕਪਤਾਨ ਗੋਰਾ ਰਿਹਾ ਕੰਬ ਹੈਸੀ,
ਘਰ ਬੁੱਚੜਾਂ ਗਿਆ ਸੁਧਾਰ ਹੈ ਜੀ।
ਕਾਹਲਾ ਸਿੰਘ ਤਫਤੀਸ਼ੀ ਨੂੰ ਕਰੇ ਗੋਰਾ,
ਮਿਸਲਾਂ ਝੂਠੀਆਂ ਕਰਨ ਤਿਆਰ ਹੈ ਜੀ ॥੧੮॥
(ਗਿਆਨੀ ਕਾਲਾ ਸਿੰਘ ਜੀ ਨੰਗਲ)

**ਬੇ–ਕਸੂਰਾਂ ਨੂੰ ਫਾਹੇ ਟੰਗਣ ਦਾ ਹੁਕਮ–**

ਕ੍ਰਿਸਟੀ ਇਕ ਅੰਗ੍ਰੇਜ਼ ਮਸ਼ਹੂਰ ਸੀਗਾ,
ਖੁਫ਼ੀਆ ਪੁਲਸ ਦਾ ਥਾ ਔਧੇਦਾਰ ਵੱਡਾ।
ਬਾਰਾਂ ਆਦਮੀ ਓਸ ਨੇ ਫੜੇ ਆਕੇ,
ਕੀਤਾ ਝੂਠ ਦਾ ਗਰਮ ਬਜ਼ਾਰ ਵੱਡਾ।

ਸੀ ਏਹ ਸਾਰੇ ਦੇ ਸਾਰੇ ਹੀ ਬੇ ਕਸੂਰੇ,
ਕੀਤਾ ਇਨ੍ਹਾਂ ਉੱਤੇ ਅੱਤਯਾਚਾਰ ਵੱਡਾ।
ਮੂੰਹ ਤੇ ਤੋਬਰੇ ਚਾੜ੍ਹ ਕੇ ਗੰਦਗੀ ਦੇ,
ਚੱਮ ਲਾਹ ਦਿਤਾ ਮਾਰ ਮਾਰ ਵੱਡਾ।
ਮੰਨ ਗਏ ਡਰਦੇ ਬੁੱਚੜ ਕਤਲ ਕਰਨੇ,
ਕੀਤਾ ਜ਼ੁਲਮ ਏਹ ਜਦੋਂ ਸਰਕਾਰ ਵੱਡਾ।
ਝੂਠੇ ਸਾਰੇ ਦੇ ਸਾਰੇ ਗਵਾਹ ਗੁਜ਼ਰੇ,
ਕੀਤਾ ਮਾਰਨੇ ਨੂੰ ਫਾਹਾ ਤਿਆਰ ਵੱਡਾ।
ਏਹ ਇਨਸਾਫ਼ ਦੇਖੋ ਵੱਡੇ ਅਫ਼ਸਰਾਂ ਦਾ,
ਅਸਲੀ ਸੁਣੋ ਵੀਰੋ ਸਮਾਚਾਰ ਵੱਡਾ।
ਅਗਲਾ ਪੜੋ ਪ੍ਰਸੰਗ ਹਰਨਾਮ ਸਿੰਘ,
ਕਿਵੇਂ ਕੂਕਯਾਂ ਕੀਆ ਉਪਕਾਰ ਵੱਡਾ।
(ਹਰਨਾਮ ਸਿੰਘ ਜੀ ਬਗਲੀ ਕਲਾਂ)

**ਸਿੰਘਾਂ ਦਾ ਸ੍ਰੀ ਭੈਣੀ ਸਾਹਿਬ ਪੁੱਜਣਾ ਅਤੇ ਸਤਿਗੁਰੂ ਜੀ ਨੂੰ ਅਰਜ਼ ਕਰਨੀ–**

ਭੈਣੀ ਸਾਹਬ ਪੌਂਚੇ ਕਾਤਲ ਬੁਚੜਾਂ ਦੇ,
ਦਰਸ਼ਨ ਜੀ ਕੀਤੇ, ਗੁਰੂ ਲਾਲ ਸਿੰਘਾਂ।
ਅੰਮ੍ਰਿਤਸਰ ਵਾਲੇ ਬੁੱਚੜ ਮਾਰਨੇ ਦਾ,
ਦਿਤਾ ਦੱਸ ਮਹਾਰਾਜ ਨੂੰ ਹਾਲ ਸਿੰਘਾਂ।
(ਸੰਤ ਹਰਨਾਮ ਸਿੰਘ ਜੀ ਬਗਲੀ ਕਲਾਂ)

**ਸਤਿਗੁਰੂ ਜੀ ਵੱਲੋਂ ਸਿੰਘਾਂ ਨੂੰ ਉਪਦੇਸ਼–**

ਭਾਈ ਬੀਹਲਾ ਸਿੰਘ ਜੀ! ਕੀ ਇਹ ਚੰਗੀ ਗੱਲ?
ਪੈਲੀ ਬੀਜੀ ਕਿਸੇ ਦੀ, ਹੋਰ ਲਏ ਕੋਈ ਮੱਲ?
ਮੁੜਕੇ ਲਏ ਨਾ ਸਾਰ ਜੋ, ਖੇਤੀ ਬੀਜ ਕਿਸਾਨ
ਉਸਦੇ ਜਿਹਾ ਜਗ ਤੇ, ਲੱਭੇ ਨਹੀਂ ਅੰਜਾਨ
ਜਿਨ੍ਹਾਂ ਬੀਜੀ ਸੀ ਓਹ, ਕਿਉਂ ਨਹੀਂ ਲੈਂਦੇ ਵੱਢ ?
ਖੜੇ ਤਮਾਸ਼ਾ ਵੇਖਦੇ, ਹੁਣ ਕਿਉਂ ਬੈਠੇ ਅੱਡ ?
ਪਹਿਲਾਂ ਰਸਤੇ ਏਸ ਤੇ, ਤੁਰਨਾ ਨਹੀਂ ਸੀ ਮੂਲ
ਜੇ ਖਤਰਾ ਸੀ ਚੁਭਣ ਨਾ, ਪੈਰਾਂ ਦੇ ਵਿਚ ਸੂਲ
ਓਨ੍ਹਾਂ ਪੱਲੇ ਕੀ ਰਿਹਾ, ਦੁਨੀਆਂ ਰਹੀ ਨਾ ਦੀਨ
ਖੇਤੀ ਬੀਜੀ ਜਿਨ੍ਹਾਂ ਦੀ, ਦੂਜੇ ਲੈ ਗਏ ਬੀਨ
ਕੀਤਾ ਕਾਰਾ ਆਪਣਾ, ਜਾ ਕੇ ਕਰੋ ਕਬੂਲ
ਹਸ-ਹਸ ਲਓ ਸ਼ਹੀਦੀਆਂ, ਜਾਣ ਸੂਲੀ ਨੂੰ ਸੂਲ
ਮਜਲੂਮਾਂ ਬੇ-ਦੋਸ਼ਿਆਂ, ਨੂੰ ਦੇਵੋ ਛੁਡਵਾ
ਨਹੀਂ ਤੇ ਜ਼ਾਲਮ ਦੇਣਗੇ, ਉਨ੍ਹਾਂ ਨੂੰ ਫਾਂਸੀ ਲਾ
ਨਸ਼ਰ ਕਰੋ ਸੰਸਾਰ ਵਿਚ, ਗੋਰਿਆਂ ਦੀ ਅਨੀਤ
ਏਨ੍ਹਾਂ ਦੇ ਇਨਸਾਫ਼ ਦੀ, ਮਿਟੀ ਕਰੋ ਪਲੀਤ
ਕਹਿਣ ਜੀ ਆਇਆਂ ਤੁਸਾਂ ਨੂੰ, ਸ਼ਹੀਦ ਵਿਚ ਸਚਖੰਡ
ਬੰਨ੍ਹ ਲੈ ਜਾਵੋ ਧਰਮ ਦੀ, ਸਿਰ ਤੇ ਭਾਰੀ ਪੰਡ
ਕੱਠੇ ਕਰ ਲਓ ਓਹ ਵੀ, ਜੋ ਹਨ ਤੁਹਾਡੇ ਯਾਰ
ਕਰ ਲਓ ਸੱਭੇ ਰਲ ਕੇ, ਚੰਗੀ ਤਰ੍ਹਾਂ ਵਿਚਾਰ
ਮੇਰੇ ਪੁੱਤਰ ਹੋਣ ਜੋ, ਧਰਮ ਲਈ ਬਲੀਦਾਨ
ਹੈਨ ਸੁਭਾਗੇ ਓਹ, ਮੈਂ ਓਨ੍ਹਾਂ ਤੋਂ ਕੁਰਬਾਨ
ਆਖੋ ਜਾ ਅੰਗ੍ਰੇਜ਼ ਨੂੰ, ਸੁਣ ਗੋਰੀ ਸਰਕਾਰ
ਇਹ ਗ੍ਰੀਬ ਬੇਦੋਸ਼ ਹਨ, ਇਨ੍ਹਾਂ ਨੂੰ ਨਾ ਮਾਰ
ਓਹ ਵੀ ਗਾਈਆਂ ਵਾਂਗ ਨੇ, ਜੋ ਮਰ ਰਹੇ ਬੇਦੋਸ਼
ਸਿਰ ਤੁਹਾਡੇ ਚੜ੍ਹੇਗਾ, ਦੋਂਹ ਪਾਪਾਂ ਦਾ ਦੋਸ਼
ਇਹ ਮੌਤ ਨਾ ਮੌਤ ਹੈ, ਇਹ ਸਦ ਜੀਵਨ ਮੌਤ
ਸੂਰਜ ਜਿਉਂ ਸੰਸਾਰ ਤੇ, ਚਮਕੇ ਨਾਮ ਉਦੋਤ
ਅਮਰ ਹੋਣ ਦਾ ਵਕਤ ਇਹ, ਮਿਲੇ ਸ਼ਹੀਦੀ ਦਾਤ
ਮਰੇ ਜੇ ਆਈ ਆਪਣੀ, ਕਿਸੇ ਨਾ ਪੁੱਛਣੀ ਬਾਤ
ਜਦ ਤਕ ਸੂਰਜ ਚੰਦ ਹੈ, ਤਾਰੇ ਧਰਤ ਆਕਾਸ਼
ਨਾਉਂ ਤੁਹਾਡਾ ਕਰੇਗਾ, ਦੁਨੀਆਂ ਵਿਚ ਪ੍ਰਕਾਸ਼
(ਸੰਤ ਇੰਦਰ ਸਿੰਘ ਜੀ ਚੱਕ੍ਰਵਰਤੀ)

**ਅੰਮ੍ਰਿਤਸਰ ਵਿਚ ਪਹੁੰਚ ਕੇ ਸਿੰਘਾਂ ਦਾ ਪੇਸ਼ ਹੋਣਾ–**

ਅੰਮ੍ਰਿਤਸਰ ਵੱਲ ਚੱਲ ਪਏ, ਸਿੰਘ ਕਰਕੇ ਧਾਈ।
ਉਹ ਮੰਜ਼ਲ ਉਤੇ ਪਹੁੰਚ ਗਏ ਕਰੂ ਕਰਕੇ ਢਾਈ।
ਹਾਜ਼ਰ ਹੋਏ ਕੋਰਟ ਵਿਚ ਉਹ ਕਰਕੇ ਧਾਈ।
ਫੜ ਲਓ ਸਾਨੂੰ ਗੋਰਿਓ, ਸਾਡਾ ਰੱਬ ਸਹਾਈ।
ਲਹਿਣਾ ਸਿੰਘ ਵਿਚ ਕੋਰਟ ਦੇ ਮਾਰੇ ਲਲਕਾਰੇ।
ਸਾਨੂੰ ਫਾਂਸੀ ਚਾੜਿਓ ਗੋਰਿਓ ਅਸੀਂ ਬੁੱਚੜ ਮਾਰੇ।

ਅਸਾਂ ਦੇਸ਼ 'ਚੋਂ ਕੱਢਣਾ ਤੁਸਾਂ ਨੂੰ ਤਾਂ ਤੇਗਾਂ ਫੜੀਆਂ,
ਰਹਿਣਾ ਨਹੀਂ ਗੁਲਾਮ ਅਸੀਂ ਤੋੜਾਂਗੇ ਕੜੀਆਂ।
ਸਾਨੂੰ ਦੇਸ਼ ਅਜ਼ਾਦ ਕਰਾਉਣ ਲਈ ਨੇ ਮਸਤੀਆਂ ਚੜ੍ਹੀਆਂ,
ਅਸਾਂ ਕਰਨ ਬਗਾਵਤ ਵਾਸਤੇ ਇਹ ਪੱਟੀਆਂ ਪੜ੍ਹੀਆਂ।
ਹੁਣ ਦੇਰ ਨ ਲਾਓ ਜ਼ਰਾ ਵੀ ਅਸੀਂ ਕਿੱਥੋਂ ਨੱਸੇ,
ਸਾਨੂੰ ਛੇਤੀ ਦਿਉ ਸ਼ਿੰਗਾਰ ਗਲਾਂ ਵਿਚ ਪਾ ਦਿਉ ਰੱਸੇ।
(ਪ੍ਰਿੰ. ਅਜੀਤ ਸਿੰਘ ਚੀਮਾ)

**ਬੇ-ਕਸੂਰੇ ਵੀਰਾਂ ਦੇ ਨਾਮ-**

ਫਾਹੇ ਤੇ ਛਡਾਏ ਜੇਹੜੇ ਖਾਲਸੇ ਨੇ,
ਉਨਾਂ ਵੀਰਾਂ ਦੇ ਨਾਮ ਜਰੂਰ ਸੁਣ ਲੌ।
ਸੁੰਦਰ ਸਿੰਘ ਨਿਹਾਲ ਸਿੰਘ ਭੂਪ ਸਿੰਘ ਨੇ,
ਦੋਸ਼ ਮੰਨਯਾਂ ਹੋ ਮਜਬੂਰ ਸੁਣ ਲੌ।
ਰਾਮ ਕਿਸ਼ਨ ਟੇਕਾ ਸੋਭਾ ਬੇਕਸੂਰੇ,
ਜਵਾਲਾ ਸਿੰਘ ਭੀ ਦੋਸ਼ ਤੇ ਦੂਰ ਸੁਣ ਲੌ।
ਮੰਨਾ ਸਿੰਘ ਨਿਹੰਗ ਬੇਦੋਸ਼ ਫੜ੍ਹਿਆ,
ਸੰਤ ਰਾਮ ਫੜ੍ਹਿਆ ਬਿਨਾ ਕਸੂਰ ਸੁਣ ਲੌ।
ਏਹ ਬੇ ਸ਼ਿਸ਼ਨ ਸਪੁਰਦ ਹਰਨਾਮ ਸਿੰਘ,
ਫੜੇ ਪੁਲਸ ਨੇ ਬਿਨਾ ਕਸੂਰ ਸੁਣ ਲੌ।
(ਸੰਤ ਹਰਨਾਮ ਸਿੰਘ ਜੀ ਬਗਲੀ ਕਲਾਂ)

**ਸਿੰਘਾਂ ਨੂੰ ਸਜ਼ਾਵਾਂ-**

ਸਿੰਘਾਂ ਲਹੂ ਦੇ ਭਰੇ ਹਥਿਆਰ ਦਿੱਤੇ,
ਗੋਰੇ ਵੇਖ ਹੈਰਾਨ ਹੋ ਜਾਂਵਦੇ ਨੇ।
ਆਪ ਦੋਸ਼ ਸਾਰਾ ਇਕਬਾਲ ਕਰਕੇ,
ਨਿਰਦੋਸ਼ਿਆਂ ਤਾਈਂ ਛੁਡਾਂਵਦੇ ਨੇ।
ਆਏ ਦਰਸ਼ਨਾਂ ਨੂੰ ਸਾਰੇ ਸ਼ਹਿਰ ਵਾਸੀ,
ਵਾਹ ਵਾਹ ਕਹਿ ਸੀਸ ਝੁਕਾਂਵਦੇ ਨੇ।
ਲੋਕੀਂ ਪੁਲਸ ਦੇ ਜ਼ੁਲਮ ਤੋਂ ਕਰਨ ਤੌਬਾ,
ਲੱਖਾਂ ਫਿਟਕਾਂ ਤੇ ਲਾਹਨਤਾਂ ਪਾਂਵਦੇ ਨੇ।
ਕੇਸ, ਪੁਲਸ, ਅਦਾਲਤ ਨੇ ਫੇਰ ਘੜਿਆ,
ਦੋਸ਼ੀ ਸੈਸ਼ਨ ਦੇ ਪੇਸ਼ ਕਰਾਂਵਦੇ ਨੇ।
ਸੈਸ਼ਨ ਜੱਜ ਡੈਵਿਸ, ਸੈਂਸਰ, ਹੋਰ ਅਫਸਰ,
ਲੈਂਦੇ ਪੇਸ਼ੀਆਂ ਕੇਸ ਭੁਗਤਾਂਵਦੇ ਨੇ।
ਆਖਰ ਇਕੱਤੀ ਅਗਸਤ ਨੂੰ ਫੈਸਲਾ ਦੇ,
ਸ਼ਜ਼ਾ ਦੋਸ਼ੀਆਂ ਤਾਈਂ ਸੁਣਾਂਵਦੇ ਨੇ।
ਬੀਲ੍ਹਾ ਸਿੰਘ, ਲਹਿਣਾ ਸਿੰਘ, ਸਿੰਘ ਹਾਕਮ,
ਫਤਹਿ ਸਿੰਘ ਫਾਂਸੀ ਸਜ਼ਾ ਪਾਂਵਦੇ ਨੇ।
ਉਮਰ ਕੈਦ ਲਹਿਣਾ ਸਿੰਘ, ਲਾਲ ਸਿੰਘ ਨੂੰ,
ਕਾਲੇ ਪਾਣੀ ਚਲਾਨ ਪੁਚਾਂਵਦੇ ਨੇ।
ਉਤਲੇ ਅਫ਼ਸਰਾਂ ਕੀਤੀ ਤਸਦੀਕ ਪੂਰੀ,
ਸਿੰਘ 'ਜੀਵਨ ਜੀ' ਸ਼ੁਕਰ ਮਨਾਂਵਦੇ ਨੇ।
(ਕਾਵਿ-ਭੂਸ਼ਣ ਸੰਤ ਜੀਵਨ ਸਿੰਘ ਜੀ)

**ਸਿੰਘਾਂ ਨੇ ਸਜ਼ਾਵਾਂ ਸੁਣਕੇ ਖੁਸ਼ ਹੋਣਾ-**

ਫਾਂਸੀ ਦਾ ਹੁਕਮ ਸੁਣ ਸਿੰਘ ਹਾਸੀ ਕਰ ਉਠੇ,
ਛੱਡਿਆ ਜੈਕਾਰਾ ਭਾਰਾ ਸਤਿ ਸ੍ਰੀ ਅਕਾਲ ਦਾ।
ਜੰਮਣ ਮਰਨ ਸਭ ਭਾਣੇ ਵਿਚ ਰੱਬ ਜੀ ਦੇ,
ਜੀਨੂੰ ਚਾਹੇ ਮਾਰੇ ਮਰੇ ਹੋਏ ਨੂੰ ਜੀਵਾਲਦਾ।
ਨੌਂ ਮਹੀਨੇ ਦੀ ਹੈ ਦੇਰ ਜਨਮ ਲਵਾਂਗੇ ਫੇਰ,
ਇੰਝ ਕੁਝ ਵਕਫ਼ਾ ਪੈ ਜਾਊ ਥੋੜ੍ਹੇ ਸਾਲ ਦਾ।
ਕਰੀਏ ਆਬਾਦ ਬਰਬਾਦ ਏ ਅਜ਼ਾਦ ਦੇਸ਼,
ਲਗੇ ਨਾ ਕੋਈ ਡਰ ਸਾਨੂੰ ਮੌਤ ਫ਼ੌਤ ਕਾਲ ਦਾ।

ਅਜ ਭਾਵੇਂ ਸਾਰਾ ਦੇਸ਼ ਮਸਤ ਗੁਲਾਮੀ ਭੇਸ,
ਕੂਕਿਆਂ ਦੇ ਵੇਸ ਬਿਨਾਂ ਨਹੀਂ ਸਾਡੇ ਨਾਲ ਦਾ।
ਥੋੜ੍ਹੇ ਦਿਨ ਬਾਕੀ ਝਾਕੀ ਆਕੀ ਹੋ ਕੇ ਨਿਕਲੇਗੀ,
ਸਾਥੀ ਦੀ ਤਲਾਸ਼ ਲਾਸ਼ ਗੋਰਾ ਫਿਰੇ ਭਾਲਦਾ।
ਜਾਗੇ ਸਾਰਾ ਦੇਸ਼ ਏਸ ਨੀਂਦਰ ਵਰੇਸ ਵਿਚੋਂ,
ਉਘੜੇਗਾ ਪਾਜ ਤਾਜ ਮੁਲਕਾਂ ਦੇ ਹਾਲ ਦਾ।
ਰਾਖਾ ਬਿੱਲਾ ਦੁਧ ਦਾ ਹੈ, ਬੈਠਾ ਸੁਧ ਬੁਧ ਭੁੱਲ,
ਕਰਨਾ ਸਫ਼ਾਇਆ ਜਿਸ ਸਾਰੇ ਤਰ ਮਾਲ ਦਾ।
(ਸੰਤ ਇੰਦਰ ਸਿੰਘ ਜੀ ਚੱਕ੍ਰਵਰਤੀ)

**ਜੱਜ ਨੇ ਅੰਤਿਮ ਇੱਛਾ ਪੁੱਛਣੀ ਤੇ ਸਿੰਘਾਂ ਦਾ ਜੁਆਬ-**

ਗੋਰੇ ਕਿਹਾ ਗਲ ਅੱਲ ਪੱਲ ਕਰ ਤਥੱਲ ਪਾਓ,
ਦਸ ਦਿਓ ਇਛਾ ਜੇ ਕੋਈ ਹੈ ਜੋ ਅੰਤੀ ਵਾਰ ਦੀ ?
ਮੌਜ ਲਵੇ ਮਾਣ ਚਾਰ ਰੋਜ ਹੋ ਜਹਾਨ ਉਤੇ,
ਲੱਡੂ ਪੇੜਾ ਸਿਉ ਕੇਲਾ ਅੰਬ ਤੇ ਅਨਾਰ ਦੀ।
ਖਾਣ ਪੀਣ ਲਈ ਸਾਨੂੰ ਜੀਣ ਦੀ ਨਾ ਈਨ ਕੋਈ,
ਲੋੜ ਇਕੇ ਬਸ ਧੱਸ ਜਾਈਏ ਗਲੀ ਯਾਰ ਦੀ।
ਅੰਮ੍ਰਿਤਸਰ 'ਚ ਸ਼ਨਾਨ ਕਰ ਪਵਿਤ੍ਰ ਹੋਈਏ,
ਕਰੀਏ ਚਾ ਦੀਦ ਈਦ ਚੰਨ ਦਰਬਾਰ ਦੀ।
(ਉਪਰੋਕਤ)

ਤੰਦੀ ਚੰਮ ਦੀ ਅਸਾਂ ਨਾ ਗਲ ਪਾਣੀ,
ਰੱਸਾ ਰੇਸ਼ਮੀ ਤੁਸੀ ਲਟਕਾ ਦੇਣਾ।
ਕਾਲੀ ਗੁਥਲੀ ਸਿਰ ਤੇ ਨਹੀਂ ਧਰਨੀ,
ਹਥ ਲਾਵੇ ਨਾ ਭੰਗੀ ਸਮਝਾ ਦੇਣਾ।
ਫਾਂਸੀ ਆਪ ਹੀ ਆਪਣੇ ਗਲ ਪਾਉਣੀ,
ਤੁਸੀਂ ਫਾਂਸੀ ਦਾ ਰੱਸਾ ਹਿਲਾ ਦੇਣਾ।
ਸਾਡੀ ਦੇਹਾਂ ਨੂੰ ਲਾਵਣਾ ਹੱਥ ਨਾਹੀਂ,
ਸਿੰਘ ਆਏ ਨੇ ਉਹਨਾਂ ਜਲਾ ਦੇਣਾ।
ਦੇਹਾਂ ਝੂਠੀਆਂ ਧਰਮ ਹੈ ਸਦਾ ਸੱਚਾ,
ਧਰਮ ਕੇਸਾਂ ਦੇ ਸਾਥ ਨਿਭਾ ਦੇਣਾ।

ਕਾਹਲਾ ਸਿੰਘ ਨਾ ਮਰਨ ਤੋਂ ਭੈ ਸਾਨੂੰ,
ਅਸੀਂ ਧਰਮ ਹੇਤ ਸੀਸ ਲਾ ਦੇਣਾ।
(ਗਿਆਨੀ ਕਾਲਾ ਸਿੰਘ ਜੀ ਨੰਗਲ)

**ਸਿੰਘਾਂ ਦਾ ਸਰੋਵਰ ਤੋਂ ਇਸ਼ਨਾਨ ਕਰਕੇ ਦਰਬਾਰ ਸਾਹਿਬ ਮੱਥਾ ਟੇਕਣਾ–**

ਚੌਥੇ ਪਹਿਰ ਸੁਭਾ ਦੇ, ਅੰਮ੍ਰਿਤ ਵੇਲੇ ਸਿੰਘਾਂ ਨੇ,
ਕੀਤਾ ਅੰਮ੍ਰਿਤਸਰ 'ਚੋਂ ਸਣਕੇਸੀਂ ਇਸ਼ਨਾਨ।
ਚਿੱਟੀਆਂ ਪਹਿਨ ਪੁਸ਼ਾਕਾਂ, ਕਰ ਪ੍ਰਸ਼ਾਦ ਤਿਹਾਵਲ ਦਾ,
ਪਾਇਆ ਭੋਗ ਪਾਠ ਦਾ, ਹਰਿਮੰਦਰ ਵਿੱਚ ਆਣ।
ਕੀਤੀ ਬੀਹਲਾ ਸਿੰਘ ਅਰਦਾਸ, ਆਸਰੇ ਸਤਿਗੁਰ ਦੇ,
ਬਖਸ਼ੋ ਸਿਦਕ ਭਰੋਸਾ, ਦਿਉ ਸ਼ਹੀਦੀ ਦਾਨ।
ਮਿਟ ਜਏ ਮੈਂ ਮੇਰੀ ਏਹ ਤਨ ਮਨ ਭੇਟ ਤੁਮ੍ਹਾਰੀ ਏ
ਡੋਲਾ ਖਾਵੇ ਨਾ ਮਨ ਸਾਡਾ ਰਹੇ ਬਲਵਾਨ।
ਹੋਏ ਰਵਾਨਾ ਸਾਜ਼ ਵਜਾ ਕੇ ਛੈਣੇ ਢੋਲਕੀ,
ਆਜਾ ਸੀਸ ਤਲੀ ਤੇ ਧਰ ਕੇ ਸ਼ਬਦ ਉਚਾਰਦੇ।
ਸੱਚੇ ਆਸ਼ਕ ਜਾ ਰਹੇ ਚੜ੍ਹਕੇ ਘੋੜੀ ਮੌਤ ਦੀ,
ਖਾਤਰ ਦੇਸ਼ ਧਰਮ ਦੀ ਹੱਸ ਹੱਸ ਜਾਨਾ ਵਾਰਦੇ।
(ਕਾਵਿ-ਭੂਸ਼ਣ ਸੰਤ ਜੀਵਨ ਸਿੰਘ ਜੀ)

**ਬਜ਼ਾਰ ਵਿਚੋਂ ਸ਼ਬਦ ਪੜ੍ਹਦੇ ਲੰਘਣਾ–**

ਆਲੇ ਦੁਆਲੇ ਪੁਲਿਸ ਵਿਚਾਲੇ ਸਿੰਘ ਚੰਦ ਸੂਰ,
ਲਾਇਆ ਹੈ ਗ੍ਰੈਹਣ ਜਿਵੇਂ ਆਣ ਰਾਹੂ ਕੇਤੂਆਂ।
ਸ਼ਬਦ ਉਚਾਰਦੇ ਬਜਾਰ ਨੂੰ ਦੀਦਾਰ ਦੇਂਦੇ,
ਅੱਥਰੂ ਉਤਾਰ ਵਰਸਾਏ ਫੁੱਲ ਹੇਤੂਆਂ।
ਕਰਕੇ ਸ਼ਨਾਨ ਦਰਬਾਰ ਸਿਰ ਘਸਾਣ ਲਗੇ,
ਤੁਕ ਗੁਰਬਾਣੀ ਗਾਈ ਰਾਗੀਆਂ ਸਚੇਤੂਆਂ।
ਜੰਮਣ ਮਰਨ ਬਿਨ ਪਰਉਪਕਾਰੀ ਆਏ,
ਮੌਤ ਦਾ ਨਾ ਡਰ ਏਨ੍ਹਾਂ ਘਰ ਦਿਆਂ ਭੇਤੂਆਂ।
(ਸੰਤ ਇੰਦਰ ਸਿੰਘ ਜੀ ਚੱਕਰਵ੍ਰਤੀ)

**ਫਾਂਸੀ ਦੇ ਤਖਤੇ ਕੋਲ ਖੜ੍ਹ ਕੇ ਸਿੰਘਾਂ ਨੇ ਅਰਦਾਸ ਕਰਨੀ–**

ਹੱਥ ਜੋੜ ਅਕਾਲ ਪਹਿ ਅਰਜ਼ ਕੀਤੀ
ਹੋਈਂ ਅਸਾਂ ਦੇ ਉਤੇ ਦਿਆਲ ਸਤਿਗੁਰ।
ਤੇਰੀ ਸ਼ਰਨ ਡਿੱਗੇ ਕਰਨ ਹਾਰਿਆ ਜੀ
ਤੂੰਹੀਂ ਸੇਵਕਾਂ ਦਾ ਰੱਛਪਾਲ ਸਤਿਗੁਰ।
ਤੇਰੇ ਬਾਝ ਨਾ ਆਸਰਾ ਹੋਰ ਸਾਡਾ
ਤੂੰ ਹੀ ਪੁਸ਼ਤ ਪਨਾਹਿ ਗੋਪਾਲ ਸਤਿਗੁਰ।
ਤੂੰ ਹੀ ਪਿਤਾ ਸਾਡਾ ਤੈਨੂੰ ਫ਼ਿਕਰ ਡਾਢਾ
ਨਿਗ੍ਹਾ ਆਪ ਕਰਕੇ ਜਾਣੀ ਜਾਣ ਸਤਿਗੁਰ।
ਬਾਰਾਂ ਧਾਰ ਜਾਮੇ ਆਏ ਜਗਤ ਤਾਰਨ
ਤੇਰੇ ਨਾਮ ਦੀ ਹੈ ਸਾਨੂੰ ਢਾਲ ਸਤਿਗੁਰ।
ਏਹੋ ਮੰਗਦੇ ਮੰਗ ਹਾਂ ਤੁਧ ਪਾਸੋਂ
ਆਜਜ਼ ਹੋਇਕੇ ਖੜੇ ਕੰਗਾਲ ਸਤਿਗੁਰ।
ਭਵੀਏ ਫੇਰ ਨਾ ਵਿਚ ਚੁਰਾਸੀਆਂ ਦੇ
ਤੇਰੇ ਨਾਮ ਦਾ ਰਹੇ ਖਿਆਲ ਸਤਿਗੁਰ
ਦਰਸ਼ਨ ਦਿਓ ਸਾਨੂੰ ਵੇਲਾ ਅੰਤ ਦਾ ਏ
ਬਾਰਾਂ ਗੁਰੂ ਸ਼ਹੀਦਾਂ ਦੇ ਨਾਲ ਸਤਿਗੁਰ।
ਮਨੀ ਸਿੰਘ ਤਾਰੂ ਸਿੰਘ ਸਾਹਿਬਜ਼ਾਦੇ
ਚਾਰੇ ਦੇਨ ਦਰਸ਼ਨ ਤੇਰੇ ਨਾਲ ਸਤਿਗੁਰ।
ਕਾਲਾ ਸਿੰਘ ਏਹ ਅਰਜ਼ ਮਨਜੂਰ ਹੋਏ
ਪਏ ਏਸਦੇ ਵਿਚ ਨਾ ਟਾਲ ਸਤਿਗੁਰੂ।੯੬॥
(ਗਿਆਨੀ ਕਾਲਾ ਸਿੰਘ ਜੀ ਨੰਗਲ)

**ਸਿੰਘਾਂ ਦਾ ਦਰਸ਼ਨ–**

ਨਿਰਭੈ ਦਲੇਰ ਸੀ, ਸਿੰਘ ਸਾਰੇ,
ਰੱਖਣ ਹੌਸਲੇ ਚਿਤ ਕੁਰਬਾਨੀਆਂ ਦਾ।
ਖਾਤਰ ਵਤਨ ਜੁਆਨੀਆਂ ਵਾਰ ਜਾਂਦੇ,
ਸਿੱਖ ਪੰਥ ਫ਼ਿਰਕਾ ਬ੍ਰਹਮ ਗਿਆਨੀਆਂ ਦਾ।
ਹੁਕਮ ਗੁਰਾਂ ਦੇ ਮੰਨ ਕੇ ਜਾਨ ਵਾਰਨ,
ਸਫ਼ਲ ਜਨਮ ਹੈ ਉਹਨਾਂ ਲਾਸਾਨੀਆਂ ਦਾ।
ਜੈਕਾਰੇ ਮਾਰਦੇ ਮੌਤ ਨੂੰ ਸੁਣ ਕਰਕੇ,
ਉੱਚਾ ਮਰਤਬਾ ਹੈ ਹਿੰਦੁਸਤਾਨੀਆਂ ਦਾ।
ਕਾਹਲਾ ਸਿੰਘ, ਧਰਮ ਤੇ ਸੀਸ ਵਾਰੇ,
ਬੇੜਾ ਕੀਤਾ ਹੈ ਗਰਕ ਬਰਤਾਨੀਆਂ ਦਾ।੪੪॥
(ਗਿਆਨੀ ਕਾਲਾ ਸਿੰਘ ਜੀ ਨੰਗਲ)

**ਸਿੰਘਾਂ ਦਾ ਸ਼ਹੀਦ ਹੋਣਾ–**

ਆਪਣੇ ਆਪਣੇ ਗਲਾਂ ਵਿੱਚ ਪਾਇ ਰੱਸੀ,
ਖੁਸ਼ੀ ਖੁਸ਼ੀ ਹੀ ਫਤ੍ਹੇ ਬੁਲਾਇ ਕਰਕੇ।
ਝੂਟਾ ਆਪ ਲਿਆ ਫਾਂਸੀ ਦਾ ਪੀਂਘ ਵਾਂਗੂ,
ਗੁਰੂ ਚਰਨਾਂ ਵਿੱਚ ਧਯਾਨ ਲਗਾਇ ਕਰਕੇ।
ਪਿੱਪਲ ਨਾਲ ਸੁਣਯਾਂ ਦਿਤੇ ਗਏ ਫਾਹੇ,
ਸਾਰੇ ਵਿਚ ਬਜ਼ਾਰ ਦਿਖਾਇ ਕਰਕੇ।
ਚਾਰੇ ਹੋਏ ਸ਼ਹੀਦ ਹਰਨਾਮ ਸਿੰਘਾ,
ਨਾਹਰੇ ਉੱਚੀ ਉੱਚੀ ਮੂੰਹੋਂ ਲਾਇ ਕਰਕੇ।
(ਸੰਤ ਹਰਨਾਮ ਸਿੰਘ ਜੀ ਬਗਲੀ ਕਲਾਂ)
ਪਹਿਲੇ ਝੂਟੇ ਦੇ ਨਾਲ ਘੰਡੀਆਂ ਟੁੱਟੀਆਂ ਸ਼ਾਹ ਰਗ ਤੋਂ,

ਗਿੱਠ ਗਿੱਠ ਲੰਮੀਆਂ ਧੌਣਾਂ ਹੋਈਆਂ ਡੋਰਾਂ ਪੀਚ ਗਈਆਂ।
ਰੁਕੇ ਸਵਾਸ ਉਬਲਿਆ ਖੂਨ ਭੜਕਿਆ ਨਾੜਾਂ ਦਾ,
ਕੁੜਕੇ ਹੱਡ ਤੜਫ਼ੀਆਂ ਜਾਨਾਂ ਜਾੜਾਂ ਕਰੀਚ ਗਈਆਂ।
ਦੋ ਚਾਰ ਝੂਟੇ ਲੈ ਕੇ ਮਾਰੀਆਂ ਰੂਹਾਂ ਉਡਾਰੀਆਂ,
ਲਾਸ਼ਾਂ ਠਰੀਆਂ ਹੋਈਆਂ ਸ਼ਾਂਤ ਅੱਖੀਆਂ ਮੀਚ ਗਈਆਂ।
ਜੈ ਜੈ ਕਾਰਾਂ ਹੋਈਆਂ ਬਰਖੇ ਫੁੱਲ ਅਕਾਸ਼ ਤੋਂ,
ਪਾਏ ਆਦਰ ਸੂਖ਼ਮ ਦੇਹਾਂ ਗੁਰਪੁਰ ਬੀਚ ਗਈਆਂ।
ਸਾਰੇ ਭਾਰਤ ਦੇਸ਼ ਨੇ ਹਾਅ ਦਾ ਨਾਹਰਾ ਮਾਰਿਆ,
'ਜੀਵਨ ਸਿੰਘਾ' ਵੇਖੇ ਜ਼ੁਲਮ ਗੋਰੀ ਸਰਕਾਰ ਦੇ।
ਸੱਚੇ ਆਸ਼ਕ ਜਾ ਰਹੇ ਘੋੜੀ ਚੜ੍ਹਕੇ ਮੌਤ ਦੀ,
ਖਾਤਰ ਦੇਸ਼ ਧਰਮ ਦੀ ਹੱਸ ਹੱਸ ਜਾਨਾਂ ਵਾਰਦੇ।
(ਕਾਵਿ-ਭੂਸ਼ਣ ਸੰਤ ਜੀਵਨ ਸਿੰਘ ਜੀ)

**ਸਿੰਘਾਂ ਦਾ ਸਸਕਾਰ–**

ਅੰਮ੍ਰਿਤਸਰ ਦੇ ਸਿੰਘ ਜੋ ਨਾਮਧਾਰੀ,
ਦੇਹਾਂ ਸਾਂਭ ਕੇ ਕਰੌਣ ਅਸ਼ਨਾਨ ਪਿਆਰੇ।
ਚਹੁੰਆਂ ਦੇਹਾਂ ਨੂੰ ਪਲੰਗਾਂ ਤੇ ਲੈ ਚਲੇ,
ਸ਼ਬਦ ਢੋਲਕਾਂ ਦੇ ਨਾਲ ਗਾਨ ਪਿਆਰੇ।
ਹਾਕਮ ਸਿੰਘ ਸ਼ਹੀਦ ਦੀ ਮਾਂ ਆਈ,
ਚਿਖਾ ਵਾਸਤੇ ਉਧੇੜ ਮਕਾਨ ਪਿਆਰੇ।
ਘਿਉ ਪਾ ਕੇ ਚੰਦਨ ਵੀ ਪਾਏ ਸਿੰਘਾਂ,
ਸਸਕਾਰ ਮਰਕਟਾਂ ਵਿਚ ਕਰਾਣ ਪਿਆਰੇ।
ਕਾਲਾ ਸਿੰਘ ਨੂੰ ਜੁਆਲਾ ਦਈ ਹਾਲ ਦੱਸਿਆ
ਅੱਖੀਂ ਦੇਖ ਮੈਂ ਦਸੇ ਬਿਆਨ ਪਿਆਰੇ ॥੪੯॥
(ਗਿਆਨੀ ਕਾਲਾ ਸਿੰਘ ਜੀ ਨੰਗਲ ਕਲਾਂ)

**ਹਾਕਮ ਸਿੰਘ ਦੀ ਮਾਤਾ ਦਾ ਬਿਆਨ–**

ਮਾਈ ਹਾਕਮ ਸਿੰਘ ਦੀ, ਸੁਣ ਕੇ ਸਾਰਾ ਹਾਲ
ਗੱਡਾ ਭਰ ਕੇ ਲੱਕੜਾਂ, ਮੌੜਿਆਂ ਤੋਂ ਲਿਆ ਨਾਲ
ਕੀਰਤਨ ਕਰਦੀ ਤੁਰ ਪਈ, ਅੰਮ੍ਰਿਤਸਰ ਦੇ ਵੱਲ
ਲੋਕੀਂ ਪੁੱਛਦੇ ਦੱਸਦੀ, ਨਾਲ ਠਰ੍ਹੰਮੇ ਗੱਲ
ਤੈਨੂੰ ਕੀਕਰ ਸੁੱਝਦਾ, ਗਾਣਾ ਮਾਈ ਦੱਸ
ਪੁੱਤਰ ਤੇਰਾ ਮਰ ਗਿਆ, ਪੈ ਅੰਗ੍ਰੇਜ਼ਾਂ ਵੱਸ
ਮਰਿਆ ਮੇਰਾ ਪੁੱਤ ਨਹੀਂ, ਸੁਣ ਲਓ ਲੋਕ ਅੰਜਾਣ
ਦਿਤੇ ਉਸ ਨੇ ਦੇਸ਼ ਹਿਤ, ਵਾਰ ਆਪਣੇ ਪ੍ਰਾਣ
ਮੈਂ ਸਪੁੱਤੀ ਹੋ ਗਈ, ਮੇਰਾ ਹਾਕਮ ਸ਼ੇਰ
ਤੁਰ ਗਿਆ ਖ਼ਾਤਰ ਧਰਮ ਦੀ, ਜਲਦੀ ਆਵੇ ਫੇਰ
ਚੀਨੀ ਵਾਲੇ ਦੇ ਲਾਲ ਨੂੰ, ਮਾਰ ਨਾ ਸਕੇ ਕਾਲ
ਰਾਖਾ ਦਸਵਾਂ ਪਾਤਸ਼ਾਹ, ਤੇ ਵਾਲੀ ਪੁਰਖ ਅਕਾਲ
ਜਿੰਨਾ ਚਿਰ ਛੱਡ ਜਾਣ ਨਾ, ਗੋਰੇ ਸਾਡਾ ਦੇਸ਼
ਤਦ ਤੀਕ ਮੇਰੇ ਲਾਲ ਇਹ, ਰਹਿਣ ਬਦਲਦੇ ਵੇਸ
ਬਾਲੀ ਏਨ੍ਹਾ ਅੱਗ ਅੱਜ, ਮੱਚੇ ਲਾਟਾਂ ਛੱਡ
ਇਕ ਦਿਨ ਇਹ ਅੰਗ੍ਰੇਜ਼ ਨੂੰ, ਸਾੜੇ ਭਾਂਬੜ ਕੱਢ
ਸ਼ਹੀਦਾਂ ਦੇ ਜੋ ਹੋਰ ਵੀ, ਹੈਸਨ ਰਿਸ਼ਤੇਦਾਰ
ਕੀਤਾ ਕੀਰਤਨ ਕਰਦਿਆਂ, ਅੰਮ੍ਰਿਤਸਰ ਸੰਸਕਾਰ।
(ਸੰਤ ਇੰਦਰ ਸਿੰਘ ਜੀ ਚੱਕ੍ਰਵਰਤੀ)

**ਫਾਂਸੀ ਚੜ੍ਹੇ ਸਿੰਘਾਂ ਦੇ ਨਾਮ ਅਤੇ ਉਹਨਾਂ ਦੀ ਸਿਫਤ–**

ਜੋ ਫਾਹੇ ਲੱਗੇ ਸੂਰਮੇ, ਦਸਮੇਸ਼ ਦੁਲਾਰੇ।
ਉਹ ਰਾਮ ਬਾਗ ਦੇ ਸਾਹਮਣੇ, ਚੰਦ ਚਮਕਣ ਚਾਰੇ।
ਹੈ ਸੁੱਕਾ ਪਿੱਪਲ ਅੱਜ ਵੀ, ਦੇ ਰਿਹਾ ਦੀਦਾਰੇ।
ਚੜ੍ਹ ਝੂਟੇ ਜਿਸਦੇ ਟਾਹਣ ਤੇ, ਲੈ ਮਰਦ ਹੁਲਾਰੇ।
ਗਲ ਪਾ ਰੇਸ਼ਮ ਦੀਆਂ ਰੱਸੀਆਂ ਗੁਰ ਪੁਰੀ ਸਿਧਾਰੇ।
ਸਭ ਜਗ ਨੂੰ ਚਾਨਣ ਕਰ ਗਏ ਜਗ ਸਿਦਕ ਮੁਨਾਰੇ।
ਸੀ ਚੀਨੀ ਵਾਲੇ ਗੁਰੂ ਨੇ, ਜੋ ਥੰਮ੍ਹ ਖਲ੍ਹਾਰੇ।
ਹੈ ਅੱਜ ਅਜ਼ਾਦੀ ਉਨ੍ਹਾਂ ਤੇ, ਦੇ ਰਹੀ ਨਜ਼ਾਰੇ।

ਇਕ ਫਾਂਸੀ ਲੱਗਾ ਸੂਰਮਾ, ਅਣਖੀ ਮਤਵਾਲਾ।
ਓਹ ਬੀਹਲਾ ਸਿੰਘ ਸੀ ਨਾਰਲੀ, ਸਰਦਾਰ ਨਿਰਾਲਾ।
ਇਕ ਹਾਕਮ ਸਿੰਘ ਸੀ ਮੌੜ ਦਾ, ਮੱਚ ਰਹੀ ਜਵਾਲਾ।
ਉਸ ਲਈ ਸ਼ਹਾਦਤ ਸਾਹਮਣੇ, ਪੀ ਮੌਤ ਪਿਆਲਾ।
ਇਕ ਫਤ੍ਹੇ ਸਿੰਘ ਸੀ ਭਾਟੀਆ; ਅੰਮ੍ਰਿਤਸਰ ਵਾਲਾ।
ਜੋ ਲੰਡਣ ਦੀ ਸਰਕਾਰ ਦਾ, ਕੱਢ ਗਿਆ ਦੀਵਾਲਾ।
ਜੋ ਫੇਰੀ ਲਹਿਣਾ ਸਿੰਘ ਨੇ, ਅਣਖਾਂ ਦੀ ਮਾਲਾ।
ਉਹ ਧਰਮੀਂ ਪਾਲੇ ਧਰਮ ਨੂੰ , ਪਾਪੀ ਨੂੰ ਪਾਲਾ।

ਚੜ੍ਹ ਚਾਰ ਝੂਟ ਗਏ ਫਾਂਸੀਆਂ, ਦੋ ਕਾਲੇ ਪਾਣੀ।
ਪਰ ਦੋਂਹ ਦਾ ਲੱਗਾ ਪਤਾ ਨਾ, ਗਏ ਕਿੱਥੋਂ ਤਾਣੀਂ।
ਸੀ ਡਮ ਡਮ ਵੱਜੀ ਢੋਲਕੀ, ਗੂੰਜੀ ਗੁਰਬਾਣੀ।
ਕਿ ਰੱਖ ਵਿਖਾਈ ਕੂਕਿਆਂ, ਰਹੁ ਰੀਤ ਰਾਣੀ।
ਸੀ ਜਿਨ੍ਹਾਂ ਗਊਆਂ ਮਾਰੀਆਂ, ਨੀਅਤ ਜਰਵਾਣੀ।
ਉਹ ਬੁੱਚੜ ਵੱਢੇ ਕੂਕਿਆਂ, ਲਾ ਤੇਗਾਂ ਸਾਣੀਂ।
ਇਓਂ ਚਾਰ ਵਿਆਹੇ ਮੌਤ ਨੇ, ਅਣਖੀਲੇ ਹਾਣੀ।
ਜੋ 'ਚਾਤਰ' ਲੀਕਾਂ ਖਿੱਚੀਆਂ, ਰਹੂ ਅਮਰ ਕਹਾਣੀ।
(ਹਰਸਾ ਸਿੰਘ ਜੀ ਚਾਤਰ)

.....................................................

# Sesquicentennial of Kuka Martyrs of Amritsar



**Ajit Singh Namdhari**
**85588-34681**

It was on 15 September 1871 AD, when 4 Namdhari Sikhs were publically hanged to death by the British Ruler. The halter of hanging was erected with the branch of a banyan tree outside Ram Bagh Amritsar. Before the execution,

*"The Phirangi (British) said to the Singhs to be hanged, Eat what you wish and meet whom you like." The Singhs replied : "Our food is the name of the Immortal God. We fear not death, because our ancestors have set noble examples of martyrdom. We will follow in their footsteps. Religion is our kith and kin. We wish to see none. We will sacrifice unto religion, without any demur." The Phirangi was silenced by this.*

*The Singhs had their bath in the sacred tank of Amritsar ( Sri Harimandir Sahib) and said their usual prayers. At this time, the attendant constable ordered them to march off. Beehla Singh performed the Ardaas ( Sikh Prayer). The Singhs marched off chanting loudly the hymns and reached the place of execution.*

ਤੇਰੀ ਸਰਣਿ ਮੇਰੇ ਦੀਨ ਦਇਆਲਾ,
ਸੁਖ ਸਾਗਰ ਮੇਰੇ ਗੁਰ ਗੋਪਾਲਾ
ਕਰ ਕਿਰਪਾ ਨਾਨਕੁ ਗੁਣ ਗਾਵੈ,
ਰਾਖਹੁ ਸਰਮ ਅਸਾੜੀ ਜੀਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ:105)

*(I seek Your Sanctuary, O my Lord, Merciful to the meek.*

*Ocean of Peace , my Guru, Sustainer of the world.*

*Shower Your mercy upon Nanak, that he may sing Your Glorious Praises; Please, preserve my honor.)*

*The Singhs have flashing faces showing no sign of remorse, as if they have no fear of death, reciting the Shabad (hymns) fearlessly and go up the gallows. They offered 'Ardaas' ( Sikh prayer) usual on the occasion of death and said, 'with Thy Kindness we have mounted the throne'. They earned a great name and high reputation. These courageous ones did not let the executioner come near them. They themselves tightened the noose around there necks. (made of silken thread). Swan like faces and wearing spotless white attires they uttered Sat Sri Akal, got the wooden plank under their feet removed, had the last sway on the noose and shed their last breaths." ( Satguru Bilaas- by Santokh Singh Baahuwaal-page 429-430)*

These four martyrs were S. Beehla Singh, S. Fateh Singh, S. Hakim Singh and S. Lehna Singh.

What was their fault?

Outwardly, their crime was that they killed the butchers who run abattoirs to kill Kine in Amritsar.

But let us analyzed the deep rooted motive of British behind permitting the Kine killing, why the Namdhari Sikhs firstly attacked the butcher house in Amritsar and is there any link between cow killing and freedom of India.

Cow Killing and freedom

The British had enslaved the Indians with the help of their policy of 'divide and rule'.

In answer to this policy, Satguru Ram Singh Ji adopted the policy of "Unite and Fight'.

When in 1846, the British first entered Punjab, they started cow killing. There were demonstrations in the city of Lahore against cow-killing. The British arrested and sentenced the more active participants who opposed the cow killing. Dutt Brahmin and Rullia Misar was executed , two were sent to British Provinces for confinement and another two were put in irons, their faces blackened publically to set an example to the people at large.

The fact was, during Khalsa Raj, 'Cow Killing' was strictly banned in the Sikh sovereign. The British breached that law and treated it as dead. But as off now, the British had not totally got Punjab under their control. Maharaja Dalip Singh was still on the throne of Lahore Darbar. The British had promised that cows would not be killed. But this order was restricted to Amritsar only. A copper plate engraved with the following orders under the signature of the Resident, Henry M. Lawrence was stuck on the main gate of the Golden Temple

*" The Priests of the Amritsar having complained of annoyance , this is to make known to all concerned that by the order of the Governor–General, British subjects are forbidden to enter the temple ( called Darbar ) or its precincts , at Amritsar , or indeed , and temple, with their shoes on.*

*Kine are not be killed at Amritsar, nor are the Sikhs to molested or in any way interfered with.*

*Shoes are to be taken off at the Bhoongas at the corner of the tank. No person is to walk round the tank with his shoes on"*

***Lahore (SD) Henry M. Lawrence***
***March 24th, 1847 Resident***

But after consolidating their power in Panjab, British adopted policy of dividing the population on religious and communal basis and slaughter became a common thing. The British accepted the cow slaughter as a policy and abattoirs were started at many places in the state. The British issued a fresh order on 20th May 1849

*"No One should be allowed to interfere with the practice, by his neighbor, of customs which that neighbor's religion either enjoins or permits."*

The board of Administration ruled that the prohibition which had formerly been maintained solely out of defence to a Sikh sovereign, must now be removed and that in every large town a spot for the shambles and butchers' shops should be appointed, but that particular care should be taken not to select the neighborhood of the Hindu religious building and on no account should beef be exposed for sale in shops within the towns, although slaughtered outside.

This order in clearer terms encouraged the Muslims to practice cow-killing under shelter of law, throughout Punjab. The Muslims of Punjab had not been eating beef since last 75 years and had become used to diet free of beef. But it was a calculated move of the British to allow cow–killing to drive a wedge between Muslims and non –Muslims in the state.

Mr. C.B. Saunders implemented these orders in Amritsar in 1849.

The established abattoirs which the

British had started to make Indians realize that they were slaves and had become the localized spots for communal riots and the country-men kept fighting and killing each other in the name of religion.

*Dr. Fauja Singh has rightly pointed out "After annexation, slanderous propaganda of Christian missionaries against Indian religions and the setting–up of a string of slaughterhouses for the supply of beef, a phenomenon strictly forbidden under the Khalsa regime, made the Hindus and Sikhs realize the heavy loss that they had suffered by losing independence."*

Mr. J.W Macnabb writes in his memorandum dated 4th of November 1871 as under:

*"I considered that the slaughter by strangers of butchers carrying on their trade in places expressly sanctioned by the British government, was a direct defiance of our authority, and I submit that any failing in carrying out to its uttermost the punishment of such defiance is dangerous to our power"*

Even, Mr. T.D.Forsyth, commissioner Ambala Division wrote in his letter dated 6th of July 1872 to the Government of India as under:

*"But the cry which then raised of death to the slayers of Kine, had put one deep significance for all Sikhs and Hindoos. It meant nothing less than the beginning of an attempt to restore the Sikh rule."*

Satguru Ram Singh Ji had witnessed the down fall of Sikh Empire in Punjab. He wanted to unite the Indians and expel the British. He had a thorough understanding of the British policy. After deep deliberations over the doctrines and principles of warfare, Satguru Ram Singh had theorized the entire concept. It is essential for every organized campaign that there should be one nucleus. This nucleus of faith should be stable and un-ambiguous. It should be shining, solid and un-failing like a divine aura. Satguru Ram Singh Ji made the holy cow the nucleus of his holy war. He planned to wage a war against the foreign rule with the help of the force of the masses that he had garnered under the Namdhari sect.

Hence, these slaughter houses were targeted by the Namdhari Sikhs. To Namdhari Sikhs an attack on the butchers was, in fact, an attack on the British Rule. Therefore, it was not merely an act of religious fanaticism , but a step forward in their national struggle against the new rulers of the country.

**Attack on Abattoir in Amritsar**

Amritsar being considered the religious capital of the Sikhs, the quickly mounting activities of cow-slaughterers there, created a widespread dissatisfaction among the Sikhs as well as among the Hindus. There were several complaints against the butchers and many affrays took place between the Muslims and non- Muslims during the Month of April and May 1871.

The pious Sarovar at Harimandir Sahib, Amritsar is a symbol of our glorious history. The remains of the slaughtered cows started falling in the Sarovar and parikrama of Harimandir Sahib. When Bhai Deva Singh, a disciple of Bhai Bir Singh of Naurangabad went to Sri Darbar on 24th April,1871 and placed a bone in front of Sri Guru Granth Sahib, the people's patience was to the brim.

Unfortunately, that time,

*"Bhai Parduman Singh Ji, Giani, was the*

*leader of Sikhs in the city who did Katha (sermon) in a drunken condition while sitting in presence of Sri Guru Granth Sahib."* (S. Nahar Singh MA- Namdhari Itiahas- page 297).

One cannot expect any positive action or support from such leaders.

Bhai Deva Singh was arrested with the help of S. Mangal Singh, a case was filed in the court. On 15th May 1871, he was sentenced rigorous imprisonment for 3 years. Simultaneously, 22 Hindus were also prosecuted.

The tension was prevailing in the city. Mr. W.G. Davies, the officiating Commissioner-Gurdaspur came to Amritsar to address the issues. He had meetings and discussions with prominent citizens of all the communities. Before leaving Amritsar, he called a Darbar in Town Hall on 3rd of June 1871. He made it clear to the audience that slaughter houses will continue. The flesh will not allowed to be sold openly in public places. But if any one brings into the city decorously covered up in large or small baskets, he is at liberty to do so. He further reminded the people, those who have infringed the orders of Government in this respect, as also those who have taken the law into their own hands with the design of altogether putting an end to the slaughter of Kine, have been punished.

The Deputy Commissioner of Amritsar, Mr. Birch wrote on 29.7.1871,

*"The general result of the measures ( by Commissioner) was adverse to Hindu interests. It could scarcely have been otherwise. The Hindu population felt itself failed and its members have presumed to satisfy their feelings of revenge."* (Home Judicial-29th July 1871Proceedings.45-61(A).

Henceforth, Namdhari Sikhs planned an attack on slaughter house at Amritsar. A Havan (Yagya) was performed in the residence of S. Lehna Singh and prayed to the almighty (Sri Satguru Ji) for success in their mission. On the night of Wednesday i.e.14-15th June 1871, the Namdhari Sikhs attacked the slaughterhouse situated outside the Lahori Gate of the city. During attack, four butchers named Mihas, Jeewan, Shadi and Miami were died and three Karam din, Ilahi Bakhsh and Kheeva got severely wounded. Ten Namdhari Sikhs took part in this attack. They were Fateh Singh-Amritsar, Beehla Singh Sandhu – Narli, Hakim Singh Patwari-Maura, Lehna Singh Tarkhan-Amritsar, Jhanda Singh- Thathi, Lehna Singh-Lopoke, Mehar Singh–Lopoke, Lachhman Singh-Mehran and Gulab Singh. Two more names appeared in this case i.e. 1. Lehna singh s/o Bulaaka Singh who was head of Namdhari Sikhs at Amritsar . He was residing near Gurudwara Baba Atal Ji, Charge against him - instigating to attack the slaughter house. 2. Police Constable Lal Singh of Amritsar, Charge - supplying weapons for the attack.

The local administration taken completely unawares. A month later, another attack was made on Raikot slaughter house.

The British authorities were baffled with these two back to back attacks. Mr. Christie, Superintendent of Police Jalandhar was entrusted with the investigation of 'Amritsar Butcher case'. He captured some Hindus and Sikhs of Amritsar on the basis of clue given by an informer Hira who professed to have been himself concerned in the commission. He presented his cooked story so

well that he was able to deceive a renewed investigator police officer like Mr. Christie. Based on his information, Mr. Christie made to confess under duress Jai Ram, a respectable broker of the city and twelve other persons that they had attacked the Amritsar slaughterhouse. He prepared the investigation report alongwith evidences and a case was filed against all the thirteen persons in the court on 25th of July 1871. In the meantime, the Namdhari Sikhs who took part in the Amritsar butcher's attack visited Sri Bhaini Sahib and narrated the whole story. Sri Satguru Ram Singh Ji ordered the Sikhs to appear before the court and admit that they have attacked the slaughter house at Amritsar. The court was ready to pronounce the judgment against the innocent persons. But the fact of the matter came to the fore when the Namdhari Sikhs appeared in the court, confessed and openly produced evidence that they had executed these attacks.

The British had no alternate except to withdraw the court case against 13 innocent persons.

Mr. Christie was removed from the investigation of Amritsar Butcher case.

Now, the investigation was done by the officiating Commissioner and Lieutenant Col. Baillie. The case was presented to the District Magistrate on 17th August. Within two days i.e. on 19th August, he committed the case to the Sessions Court. Session Judge Mr W.G. Davis pronounced his verdict on 31.8.1971. Four of the accused named-Fateh Singh, Beehla Singh, Hakim Singh & Lehna Singh s/o Mussada Singh were sentenced to be hanged, and Lal Singh and Lehna Singh S/O Blaka Singh to be transported for life to Kaala- Paani (Andaman's Cellular Jail).

Mr. J. Campbell, Judge of Punjab Chief Court confirmed the judgment of Sessions Court on 9.9.1871 and Mr. RC Lindsey, another Chief court judge given his consent on 11th September. The sentences confirmed by the Chief Court, were carried out on 15th of September 1871.

Hakim Singh Patwari, was the only son of his widow mother. She was a brave, pious and courageous Lady. She took the possession of the bodies of all the four martyrs. She used wooden planks of roof of her house to cremate the bodies. The religious ceremonies (Path of Adi Sri Guru Granth Sahib) were performed in the memory of great martyrs of India's freedom movement.

*On September 9, 1871 the Mr. L.H. Griffin, Officiating Secretary to Government of Punjab sent a confidential detail letter to the Secretary to Government of India- E.C. Baylay:*

*During the months of April and May of that year considerable excitement prevailed in the city of Amritsar on the subject of the slaughter of Kine. This excitement was to an extent hitherto unusual, and there is reason to believe owed its origin mainly to the exposure of beef for sale in the city, and to the fact of one Deva singh , a Sikh, irritated by this exposure into the temple ( Sri Darbar Sahib), picking up a bone and placing it in front of the Granth, the holy book of the Sikhs (Adi Sri Guru Granth Sahib). Prompt measures were adopted by the Local authorities to allay the excitement............It was thus believed that the bad feelings that existed had completely died out, and from the date of Commissioner's 'darbar' till the 14th of June the local authorities had not any suspicion or information as to what*

was about to occur. On the night of the date last mentioned a sudden attack was made on the slaughter-house near the city of Amritsar by an armed gang. Four of the inmates of the houses were killed out-right, and three others were severely wounded. The criminals escaped unrecognized and unpursued, in the darkness of the night:...............

the confession made by Beela Singh, satisfactorily establish the guilt of accused:

1. Fateh singh
2. Beela singh
3. Hakim Singh ( Patwari)
4. Lainah Singh ( Tarkhan)
5. Lall Singh ( Police Constable)
6. Laynah Singh( a leading man among the Kukas)

Note: 1 to 4 found guilty of the crime of murder and were sentenced to death;
Nos. 5 and 6 were found guilty of the crime of abetment of murder and were sentenced to transportation for life."

Giani Gian Singh wrote in his book Panth Parkash:

ਸੁਨੋ ਅਬਿ ਧਰਮ ਕਿ ਹੇਤ ਸਿਰ ਦੈ ਕੈ ਕੂਕੇ,
ਧਰਮੀ ਸ਼ਹੀਦਨ ਮੈਂ ਗਏ ਜਿਮ ਹੈਂ ਗਨੇ।
ਸੰਮਤ ਉਨੀ ਸੌ ਬੀਸ ਤੀਸ ਕੇ ਵਖਤ ਮਦ,
ਠੌਰ ਠੌਰ ਧੇਨੁ-ਬਧ ਹੋਨ ਲਾਗੇ ਥੇ ਘਨੇ।
ਦੇਖਿ ਦੇਖ ਹਿੰਦੂ ਸਭ ਹੋਹਿਂ ਦੁਖਯਾਰੇ ਭਾਰੇ,
ਚਾਰਾ ਜੋਰ ਸਰਕਾਰ ਸੰਗ ਕੋਊ ਨਾ ਬਨੇ।
ਹਿੰਮਤ ਕਮਰ ਬਾਂਧ ਨਾਮਧਾਰੀ ਸਿੰਘੋਂ ਤਬਿ,
ਬੁੱਚੜ ਬਿਦਾਰੇ ਹਤਿਆਰੇ ਬਹੁ ਠੌਰ ਪੈ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ,
ਅੰਗਰੇਜੋਂ ਗਹਿ ਕੈ ਦੁਖਯਾਰੇ ਕੀਨੇ ਗੌਰ ਪੈ।
ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ,
ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ,
ਕੋਟਲੇ -ਮਲੇਰ ਫੇਰ ਥਯੋ ਸਾਕਾ ਔਰ ਪੈ।

( And now, listen, how the Kukas sacrified their lives in the cause of Dharma, and found their place among the martyrs of faith.
In between the second and the third decades of the Bikrami Samvat ( 19th century),
cows came to be slaughtered in larger numbers and at various places.
The Hindus felt miserable and helpless,
They were not powerful enough to seek remedy with the Government.
And then, courageous Kukas were roused to action,
They put a number of slaughterous butchers to sword.
Prominent Hindus at Amritsar and various other places,
Arrested and persecuted by the English Government.
When they were about to be executed,
The Kukas, on their own came forward,
Led evidence to prove that they and none else,
Had dealt the deadly blow.
Happily, they went to the gallows and,
From thereon, to the land of God Himself.
After that, there was yet another act of rare heroism at Malerkotla.")

Now, the nation is celebrating sesquicentennial anniversary of Kuka martyrs of Amritsar.

I salute, pay my homage and respect to these great martyrs who sacrified themselves for the sake of mother India .

"ਸਲਾਮ ਹੈ ਉਨ ਸ਼ਹੀਦੋਂ ਕੋ ਜੋ ਖੋਹ ਗਏ,
ਵਤਨ ਕੋ ਜਗਾ ਕਰ ਜੋ ਖੁਦ ਸੋ ਗਏ"

..................................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**4 ਅਕਤੂਬਰ 1986, ਵੀਰਵਾਰ**

**ਨਾਮਧਾਰੀ ਹਾਕੀ ਟੀਮ ਫੇਰ ਜਿੱਤੀ –** ਰਾਤੀਂ ਮੈਨੂੰ ਸੁਖਵਿੰਦਰ ਸਿੰਘ ਪਿੰਕੀ ਫੇਰ ਮਿਲਿਆ। ਉਸ ਸੂਚਨਾ ਦਿੱਤੀ ਕਿ ਸਾਡੀ ਟੀਮ ਨੇ ਜਲੰਧਰ ਵਿੱਚ ਅੱਜ ਇੱਕ ਹੋਰ ਟੀਮ ਨੂੰ ਜਿੱਤ ਲਿਆ ਹੈ ਅਤੇ ਉਸਨੇ ਮੈਨੂੰ 'ਜਗਬਾਣੀ' ਅਖ਼ਬਾਰ ਦੀ ਇੱਕ ਕਟਿੰਗ ਦਿੱਤੀ। ਇਸ ਅਨੁਸਾਰ ਨਾਮਧਾਰੀ ਹਾਕੀ ਟੀਮ ਨੇ ਬਿਹਾਰ ਪੁਲਿਸ ਨੂੰ ਦੋ ਦੇ ਮੁਕਾਬਲੇ ਪੰਜ ਗੋਲਾਂ ਨਾਲ ਹਰਾਇਆ।

**5 ਅਕਤੂਬਰ 1986, ਐਤਵਾਰ**
**ਸ੍ਰੀ ਭੈਣੀ ਸਾਹਿਬ**

**ਕੋਟ ਪੈਂਡਾ ਆਗੇ ਹੋਇ –** ਚੰਡੀਗੜ੍ਹ ਦਾ ਇੱਕ ਪ੍ਰੇਮੀ ਸਿੰਘ ਜੁ 17 ਸੈਕਟਰ ਵਿੱਚ ਘੜੀ ਸਾਜ਼ ਦੀ ਦੁਕਾਨ ਕਰਦਾ ਹੈ ਸੰਤ ਬਖਸ਼ੀਸ਼ ਸਿੰਘ ਆਪਣੀ ਮਾਤਾ, ਪਿਆਰ ਕੌਰ (ਇਸਦੇ ਪਰਵਾਰੇ ਜਾਣ ਦੀ ਵਾਰਤਾ ਪਿੱਛੇ ਲਿਖ ਆਇਆ ਹਾਂ), ਪਤਨੀ ਜਗਦੀਸ਼ ਕੌਰ ਅਤੇ ਬੱਚਿਆਂ ਨਾਲ ਗੁਰੂ ਕੇ ਦਰਸ਼ਨਾਂ ਨੂੰ ਆਇਆ। ਸ੍ਰੀ ਸਤਿਗੁਰੂ ਜੀ ਆਓ ਭਗਤ ਕਮਰਿਆਂ ਵਿੱਚ ਕਿਸੇ ਰੋਗੀ ਨੂੰ ਦਰਸ਼ਨ ਦੇਣ 9.30 ਵਜੇ ਆਏ ਤਾਂ ਮੈਂ ਭੀ ਦਰਸ਼ਨ ਲਾਭ ਚਿੱਤ ਲਿਆ। ਬਖਸ਼ੀਸ਼ ਪਰਿਵਾਰ ਨੇ ਮੱਥਾ ਟੇਕਿਆ ਤਾਂ ਸੱਚੇ ਪਾਤਸ਼ਾਹ ਜੀ ਕਾਰ ਸਵਾਰ ਹੋਣ ਲੱਗੇ। ਬਖਸ਼ੀਸ਼ ਸਿੰਘ ਨੇ ਅਰਜ਼ ਕੀਤੀ : "ਮੇਰੇ ਮਾਤਾ ਜੀ ਨੇ ਅਜੇ ਮੱਥਾ ਟੇਕਣਾ ਹੈ, ਅਹੁ ਆ ਰਹੇ ਹਨ।" ਸਤਿਗੁਰੂ ਜੀ ਬਿਰਧ ਮਾਤਾ ਦੀ ਤਕਲੀਫ਼ ਘਟਾਣ ਅਤੇ ਆਪਣਾ ਸਮਾਂ ਬਚਾਣ ਲਈ ਤੇਜ਼ ਕਦਮੀਂ ਚੱਲਦੇ ਮਾਤਾ ਜੀ ਦੇ ਕੋਲ ਪਹੁੰਚ ਕੇ ਉਨ੍ਹਾਂ ਤੋਂ ਨਮਸਕਾਰ ਕਰਵਾ ਲਈ। ਗੱਡੀ ਵਿੱਚ ਬੈਠੇ ਤਾਂ ਮੈਂ ਕੋਲ ਗਿਆ। (ਪਾਤਸ਼ਾਹ ਜੀ) ਬਚਨ ਕੀਤਾ : "ਬਿਰਧਾਂ, ਬਾਬਿਆਂ ਅਤੇ ਰੋਗੀਆਂ ਦੀ ਖ਼ਬਰ ਲੈਣ ਜਾਂਦੇ ਆਉਂਦਿਆਂ ਹੀ ਬੜਾ ਸਮਾਂ ਬੀਤ ਜਾਂਦਾ ਹੈ (ਕਾਰ ਤੇ ਸਵਾਰ ਹੋ ਕਿਸੇ ਹੋਰ ਨੂੰ ਦਰਸ਼ਨ ਦੇਣ ਜਾ ਰਹੇ ਸਨ), ਧੰਨ ਹਨ ਇਨ੍ਹਾਂ ਬਿਰਧਾਂ ਤੇ ਰੋਗੀਆਂ ਦੇ ਸੇਵਕ। ਬਿਰਧ ਤਾਂ ਬੱਚਿਆਂ ਤੋਂ ਵੀ ਵੱਧ ਸੰਭਾਲਣੇ ਔਖੇ ਹੁੰਦੇ ਹਨ। ਇੰਦਰ ਸਿੰਘ (ਪਟਵਾਰੀ) ਤੋਂ ਤੁਰਿਆ ਨਹੀਂ ਜਾਂਦਾ। ਰਾਤ ਐਧਰ (ਰਾਮਸਰ) ਡਿੱਗ ਪਿਆ ਸੀ। ਮੈਂ ਉਸਨੂੰ ਬਿਰਧਾਂ ਵੱਲ (ਬਿਰਧਸ਼ਾਲਾ ਵਿੱਚ) ਭੇਜਿਆ। ਫੇਰ ਉਹ ਕਹਿਣ ਲੱਗਾ : ਜੀ ਮੈਨੂੰ ਵਰਾਂਡਿਓਂ ਬਾਹਰ ਕੱਢ ਦਿੱਤਾ, ਵਿੱਚੇ ਜੰਗਲ ਨਿਕਲ ਗਿਆ ਸੀ। ਬਿਰਧਾਂ ਦੇ ਸੇਵਕਾਂ ਨੇ ਉਸਦੀ ਸਫ਼ਾਈ ਆਦਿ ਕਰਕੇ ਸਹੀ ਕੱਪੜੇ ਪੁਆਏ ਪਰ ਉਹਨੂੰ ਅਜੇ ਵੀ ਤਸੱਲੀ ਨਹੀਂ। ਅਜਿਹੇ ਬਿਰਧਾਂ ਦਾ ਕੀ ਕਰੀਏ?"

ਮੈਂ ਆਪਣੀ ਗੱਲ ਕੀਤੀ : "ਆਪ ਜੀ ਨੇ ਬੜੀ ਕਿਰਪਾ ਕੀਤੀ ਕਿ ਮੇਰਾ ਤੇ ਜਸਵਿੰਦਰ ਸਿੰਘ ਦਾ ਪ੍ਰੋਗਰਾਮ ਬੈਂਗਲੌਰ ਦਾ ਬਣਾ ਦਿੱਤਾ। ਕੁਝ ਦਿਨ ਓਥੇ ................ ਹੋ ਕੇ ਦਰਸ਼ਨ ਕਰਾਂਗੇ।" ਸਤਿਗੁਰੂ ਜੀ ਬਚਨ ਕੀਤਾ : "ਤਰਸੇਮ ਸਿੰਘ ਨੇ ਮੈਨੂੰ ਤੁਹਾਡੇ ਬਾਰੇ ਕਿਹਾ ਸੀ। ਮੈਂ ਕਿਹਾ, ਤੂੰ ਹੀ ਦੱਸਦੇ ਕਿਹੜੇ ਵੇਲੇ ਉਨ੍ਹਾਂ ਨਾਲ ਬੈਠਿਆ ਕਰਾਂ? ਉਸ ਨੇ ਕਿਹਾ : ਸਮਾਂ ਤਾਂ ਹੈ ਨਹੀਂ ਸੀ। ਮੈਂ ਕਿਹਾ : ਕਵੀ ਹੁਰਾਂ ਨੂੰ ਬੈਂਗਲੌਰ ਦੀ ਸੈਰ ਕਰਵਾਓ।"

ਏਨੀ ਗੱਲ ਦੱਸਦਿਆਂ ਹੀ ਗੁਰੂ ਕੀ ਕਾਰ ਅਗਲੇ ਪੰਧੇ ਪੈ ਗਈ।

**ਮੇਲਾ ਇੱਕ ਸਾਤਾ ਹੋਰ ਵਧਿਆ –** ਸ੍ਰੀ ਸਤਿਗੁਰੂ ਜੀ ਦਾ ਸਕੱਤਰ ਤਰਸੇਮ ਸਿੰਘ ਮਿਲਿਆ ਤਾਂ ਉਸ ਦੱਸਿਆ ਕਿ ਸੰਤ ਹਰਭਜਨ ਸਿੰਘ ਔਰੰਗਾਬਾਦ ਦੀ ਬੇਨਤੀ 'ਤੇ ਸੱਚੇ ਪਾਤਸ਼ਾਹ ਜੀ ਨੇ ਇੱਕ ਸਾਤਾ ਅੱਸੂ ਦਾ ਮੇਲਾ ਹੋਰ ਵਧਾ ਦੇਣ ਦੀ ਪਰਵਾਨਗੀ ਬਖਸ਼ੀ ਹੈ। ਹੁਣ ਪਹਿਲੀ ਨਵੰਬਰ ਦੀ ਦੀਵਾਲੀ ਵਿੱਚ ਪਾ ਕੇ, ਦੋ ਨਵੰਬਰ ਨੂੰ ਭੋਗ ਪੈਣਗੇ। ਇਹ ਪਰਵਾਨਗੀ ਬੀਤੀ ਰਾਤ ਹੀ ਹੋਈ ਹੈ।

**ਸੇਵਾ ਤੇ ਦਰਸ਼ਨਾਂ ਨੂੰ ਆਏ –** ਲੁਧਿਆਣੇ ਦੀ ਸੰਗਤ ਦਾ ਹਰ ਐਤਵਾਰ ਨੂੰ ਆ ਕੇ ਸ੍ਰੀ ਭੈਣੀ ਸਾਹਿਬ ਸੇਵਾ ਕਰਨ ਦਾ ਵਰਤ ਜਾਰੀ ਹੈ। ਅੱਜ ਵੀ ਇੱਕ ਤਕੜਾ ਜਥਾ ਸੇਵਾ ਕਰਨ ਲਈ ਪਹੁੰਚਿਆ। ਮੈਨੂੰ ਆਪਣਾ ਵਾਕਫ਼ ਤਾਂ ਇਹਨਾਂ 'ਚੋਂ ਕੋਈ ਨਹੀਂ ਲੱਗਿਆ ਪਰ ਇਸਤਰੀਆਂ ਦੀ ਗਿਣਤੀ ਭਾਰੂ ਸੀ। ਇਹਨਾਂ ਵਿੱਚੋਂ ਸ੍ਰੀਮਾਨ ਸੰਤ ਨਿਧਾਨ ਸਿੰਘ 'ਆਲਿਮ' ਜੀ

ਦੀ ਸਪੁੱਤਰੀ ਬੀਬੀ ਤੇਜ ਕੌਰ ਇਸਤਰੀ ਜਥੇ ਦੀ ਆਗੂ ਸੀ। ਇਸ ਜਥੇ ਨੇ ਗੁਰਦੁਆਰਾ ਭੈਣੀ ਸਾਹਿਬ ਦੀ ਡਿਓਢੀ ਤੇ ਮਾਲ ਤਬੇਲੇ ਦੇ ਨਾਲ ਬਣੇ ਤਿੰਨ ਗੈਰਜਾਂ ਦੀਆਂ ਛੱਤਾਂ ਉੱਤੇ ਮਿੱਟੀ ਪਾਈ ਅਤੇ ਅੰਦਰ ਫਰਸ਼ ਤੇ ਇੱਟਾਂ ਲੁਆਈਆਂ।

ਕਥਾ ਸਮੇਂ ਕੇਂਦਰੀ ਮੰਤਰੀ ਬੂਟਾ ਸਿੰਘ ਦਾ ਪੀ. ਏ. ਸ. ਹਰਨੇਕ ਸਿੰਘ ਪਿੰਡ ਘੜੂੰਆਂ ਵਾਲਾ 3-4 ਹੋਰ ਆਦਮੀਆਂ ਨਾਲ ਦਰਸ਼ਨ ਕਰਨ ਆਇਆ। ਕੁਛ ਸਮਾਂ ਨਾਮ ਸਿਮਰਨ ਵਿੱਚ ਵੀ ਬੈਠੇ। ਬੀਕਾਨੇਰ ਤੋਂ ਸੰਤ ਮਹਿੰਦਰ ਸਿੰਘ ਕਰਤਾ 'ਗੁਰੂ ਚਿੰਤਨ', ਸੰਤ ਗੁਰਦਿਆਲ ਸਿੰਘ ਆਦਿ ਅਤੇ ਹੋਰ ਸੰਗਤ ਵੀ ਆਈ। ਸੰਗਤ ਦੀ ਹਾਜ਼ਰੀ ਅੱਜ 500 ਤੋਂ ਵਧ ਕੇ ਹੈ।

ਸ. ਸ਼ਾਮ ਸਿੰਘ ਲੁਧਿਆਣਾ ਪਰਿਵਾਰ ਸਮੇਤ ਅਤੇ ਏਥੋਂ ਦੇ ਹੀ ਇੱਕ ਹੁਕਮ ਸਿੰਘ ਨਾਮੀਂ ਸੱਜਣ ਦਰਸ਼ਨਾਂ ਨੂੰ ਆਏ।

### 6 ਅਕਤੂਬਰ 1986, ਸੋਮਵਾਰ
### ਸ੍ਰੀ ਭੈਣੀ ਸਾਹਿਬ

**ਲੰਗਰ ਬੂੰਦੀ ਦਾ –** ਕਿਸੇ ਪ੍ਰੇਮੀ ਵਲੋਂ ਅੱਜ ਸਮੁੱਚੀ ਸੰਗਤ ਵਾਸਤੇ ਬੂੰਦੀ ਦਾ ਲੰਗਰ ਹਾਜ਼ਰ ਸੀ। ਨਾਮਧਾਰੀ ਲੰਗਰਾਂ ਵਿੱਚ ਮਸ਼ੀਨ-ਬਣੇ ਘਿਉਆਂ ਅਰਥਾਤ ਡਾਲਡਾ ਘਿਉਆਂ ਦੀ ਵਰਤੋਂ ਨਹੀਂ ਹੁੰਦੀ। ਅਜਿਹੇ ਲੰਗਰਾਂ ਦੇ ਮੁੰਤਜ਼ਿਮ ਸੰਤ ਪਿਆਰਾ ਸਿੰਘ ਨਾਥ ਹੁੰਦੇ ਹਨ ਤਿਆਰੀ ਕਰਵਾਣ ਵਾਲੇ, ਸੰਤ ਮਹਿੰਦਰ ਸਿੰਘ ਦਮਦਮਾ, ਗੁਰਨਾਮ ਸਿੰਘ ਅਤੇ ਨਿਸ਼ਾਨ ਸਿੰਘ ਸੰਤ ਨਗਰ (ਸਰਸਾ) ਤੋਂ। ਆਸਾ ਦੀ ਵਾਰ ਉਪਰੰਤ ਜੁੜੀ ਬਣੀ ਸੰਗਤ ਵਰਨੀਆਂ ਵਾਲੇ ਖੇਤਰ ਵਿੱਚ ਜਾ ਕੇ ਬੂੰਦੀ ਅਤੇ ਦਾਲਾ ਪ੍ਰਸ਼ਾਦਾ ਰੱਜ-ਰੱਜ ਛਕ ਕੇ ਆਈ।

**ਬੀਬੀ ਸ਼ਕੁੰਤਲਾ ਦੁਆਰ –** ਬੀਬੀ ਸ਼ਕੁੰਤਲਾ ਭੂਟਾਨੀ ਦਿੱਲੀ ਵਲੋਂ ਜੋ ਕਿ ਮਾਈਆਂ ਦੇ ਪ੍ਰਯੋਗ ਦੀ ਮੁੱਖ ਪ੍ਰਬੰਧਕ ਹੈ, ਮੈਨੂੰ ਕੁਛ ਕਾਗਜ਼ ਪੱਤਰ ਮਿਲੇ। ਉਸ ਅਨੁਸਾਰ ਮਾਈਆਂ ਬੀਬੀਆਂ ਦਾ ਜਪ ਪ੍ਰਯੋਗ 30-9-86 ਤੋਂ ਹੀ ਸ਼ੁਰੂ ਹੋ ਗਿਆ ਸੀ। ਇਹਨਾਂ ਦਾ ਡੇਰਾ ਮਾਈਆਂ ਵਾਲੇ ਬੁੰਗੇ ਵਿੱਚ ਹੀ ਸੀ ਤੇ ਇਹਨਾਂ ਦੇ ਮੰਦਰ ਵਿੱਚ ਹੀ ਜਪ ਪ੍ਰਯੋਗ ਹੋ ਰਿਹਾ ਹੈ। ਇਸ ਖੇਤਰ ਵਿੱਚ ਬਿਨਾ ਵਿਹਾਰੋਂ ਕਿਸੇ ਪੁਰਸ਼ ਮੈਂਬਰ ਦਾ ਦਾਖਲਾ ਵਿਵਰਜਿਤ ਹੈ। ਬੀਬੀਆਂ ਵੀ 8 ਘੰਟੇ ਨਾਮ ਸਿਮਰਨ ਆਪਣੇ ਨਿਜੀ ਨਿਤਨੇਮ ਤੋਂ ਇਲਾਵਾ ਕਰਦੀਆਂ ਹਨ। ਬੀਬੀ ਬਾਕਾਇਦਾ ਇੱਕ ਰਜਿਸਟਰ ਤੇ ਸਭਨਾਂ ਦੀ ਹਾਜ਼ਰੀ ਲਾਉਂਦੀ ਤੇ ਨਵੀਆਂ ਸ਼ਾਮਲ ਹੋਣ ਵਾਲੀਆਂ ਦੇ ਨਾਮ ਲਿਖਦੀ ਲਿਖਵਾਂਦੀ ਹੈ। ਉਹਦੀਆਂ ਸਹਾਇਕਾਂ ਹਨ-

1. ਬੀਬੀ ਜੁਗਿੰਦਰ ਕੌਰ ਸੁਪਤਨੀ ਸ. ਗਿਆਨ ਸਿੰਘ, ਗੁੜਗਾਵਾਂ, ਹਰਿਆਣਾ

2. ਬੀਬੀ ਕਰਤਾਰ ਕੌਰ ਸੁਪਤਨੀ ਸੰਤ ਸ਼ਿੰਗਾਰ ਸਿੰਘ ਸ਼ਿੰਗਾਰ, ਘੋੜਿਆਂ ਵਾਲਾ, ਸੰਤ ਨਗਰ (ਸਿਰਸਾ)

ਪਹਿਲੇ ਦਿਨ 39 ਬੀਬੀਆਂ ਨਾਲ ਪ੍ਰਯੋਗ ਅਰੰਭ ਹੋਇਆ। ਉਹਨਾਂ ਦੇ ਨਾਮ ਇਹ ਹਨ-

3. ਬੀਬੀ ਗੋਗੀ ਸੁਪਤਨੀ ਸ. ਬਲਜੀਤ ਸਿੰਘ ਸ੍ਰੀ ਭੈਣੀ ਸਾਹਿਬ

4. ਬੀਬੀ ਸੁਖਵਿੰਦਰ ਕੌਰ ਸੁਪਤਨੀ ਸੰਤ ਮਹਿੰਦਰ ਸਿੰਘ ਪੂਰਬਾ ਸ੍ਰੀ ਭੈਣੀ ਸਾਹਿਬ

5. ਬੀਬੀ ਨਰਿੰਦਰ ਕੌਰ ਸੁਪਤਨੀ ਸੰਤ ਨਾਜਰ ਸਿੰਘ ਸ੍ਰੀ ਭੈਣੀ ਸਾਹਿਬ

6. ਬੀਬੀ ਗੁਰਨਾਮ ਕੌਰ ਮਾਤਾ ਜੀ ਦੀ ਸੇਵਕਾ ਸ੍ਰੀ ਭੈਣੀ ਸਾਹਿਬ

7. ਬੀਬੀ ਅਤਰ ਕੌਰ ਸ੍ਰੀ ਭੈਣੀ ਸਾਹਿਬ

8. ਬੀਬੀ ਰਤਨ ਕੌਰ ਸ੍ਰੀ ਭੈਣੀ ਸਾਹਿਬ

9. ਬੀਬੀ ਸਤਪਾਲ ਸੁਪਤਨੀ ਗੁਰਭੇਜ ਸਿੰਘ ਸ੍ਰੀ ਭੈਣੀ ਸਾਹਿਬ

10. ਬੀਬੀ ਪ੍ਰੀਤਮ ਕੌਰ ਕਰੀਵਾਲਾ (ਸਿਰਸਾ)

11. ਬੀਬੀ ਜੁਗਿੰਦਰ ਕੌਰ ਕਰੀਵਾਲਾ (ਸਿਰਸਾ)

12. ਬੀਬੀ ਕਰਤਾਰ ਕੌਰ ਪਿੰਡ ਠਰੀ, ਕਰਨਾਲ

13. ਬੀਬੀ ਰਣਜੀਤ ਕੌਰ ਸੁਪਤਨੀ ਗੁਰਦੇਵ ਸਿੰਘ ਸ੍ਰੀ ਭੈਣੀ ਸਾਹਿਬ

14. ਬੀਬੀ ਦਲੀਪ ਕੌਰ ਪਿੰਡ ਘਸੀਟਪੁਰਾ

15. ਬੀਬੀ ਦਲੀਪ ਕੌਰ ਪਿੰਡ ਬਹਿੜਵਾਲ (ਅੰਮ੍ਰਿਤਸਰ)

16. ਬੀਬੀ ਸੁਰਜੀਤ ਕੌਰ ਸਿਰਸਾ

17. ਬੀਬੀ ਸੰਤ ਕੌਰ ਅੰਮ੍ਰਿਤਸਰ ਕਲਾਂ (ਸਿਰਸਾ)

18. ਬੀਬੀ ਗੁਰਚਰਨ ਕੌਰ ਸੁਪਤਨੀ ਹਜ਼ਾਰਾ ਸਿੰਘ ਅੰਬਾਲਾ

19. ਬੀਬੀ ਪ੍ਰਕਾਸ ਕੌਰ ਸੁਪਤਨੀ ਸਵ. ਸੰਤ ਮੇਹਰ ਸਿੰਘ ਭੈਣੀ ਸਾਹਿਬ (ਕਾਨਪੁਰੀ)

20. ਬੀਬੀ ਮਾਇਆਵੰਤੀ ਪਟਨਾ

21. ਬੀਬੀ ਬੇਅੰਤ ਕੌਰ, ਮੰਡੀ (ਹਿ. ਪ੍ਰ.)

22. ਬੀਬੀ ਚੰਦਨ ਕੌਰ ਸੁਪਤਨੀ ਮਾਲਕ ਸਿੰਘ ਭੋਮਾ ਵਡਾਲਾ (ਅੰਮ੍ਰਿਤਸਰ)

23. ਬੀਬੀ ਸੁਰਜੀਤ ਕੌਰ ਸੁਪਤਨੀ ਭਾਨ ਸਿੰਘ ਪਠਾਨਕੋਟ

24. ਬੀਬੀ ਦਲੀਪ ਕੌਰ ਮਾਤਾ ਹਰਦੀਪ ਸਿੰਘ,

ਗੁਮਥਲਾ, ਕੁਰੂਕਸ਼ੇਤਰ

25. ਬੀਬੀ ਹਰਭਜਨ ਕੌਰ ਛਿਹਰਟਾ ਸਾਹਿਬ

26. ਬੀਬੀ ਪ੍ਰੀਤਮ ਕੌਰ ਯੂ. ਪੀ. ਵਾਲੀ

27. ਬੀਬੀ ਗੁਰਨਾਮ ਕੌਰ ਪਿੰਡ ਬਰਮਪੁਰਾ

28. ਬੀਬੀ ਦਾਤਾਰ ਕੌਰ ਪਿੰਡ ਖਿਆਲਾ (ਅੰਮ੍ਰਿਤਸਰ)

29. ਬੀਬੀ ਗੁਰਮੀਤ ਕੌਰ ਸੁਪਤਨੀ ਗੁਰਮੁਖ ਸਿੰਘ ਸਾਗਰਪੁਰੀਆ ਜੀਵਨ ਨਗਰ

30. ਬੀਬੀ ਪ੍ਰਸੰਨ ਕੌਰ ਸੁਪਤਨੀ ਕਰਨੈਲ ਸਿੰਘ ਅੰਮ੍ਰਿਤਸਰ ਕਲਾਂ

31. ਬੀਬੀ ਕਿਰਪਾਲ ਕੌਰ ਸੁਪਤਨੀ ਹਰਨਾਮ ਸਿੰਘ ਮਾਲਵੀਆ ਨਗਰ, ਨਵੀਂ ਦਿੱਲੀ

32. ਬੀਬੀ ਪਲਵਿੰਦਰ ਕੌਰ ਸੁਪਤਨੀ ਮਹਿੰਦਰ ਸਿੰਘ ਮਾਲ ਵਾਲਾ ਸੂਬਾ, ਭੈਣੀ ਸਾਹਿਬ

33. ਬੀਬੀ ਪ੍ਰੀਤਮ ਕੌਰ ਢੋਟੀਆਂ

34. ਬੀਬੀ ਸੁਰਜੀਤ ਕੌਰ ਬੰਗਿਆਂ ਵਾਲੀ, ਭੈਣੀ ਸਾਹਿਬ

35. ਬੀਬੀ ਬਲਬੀਰ ਕੌਰ ਸਰਹਾਲੀ ਵਾਲੀ, ਭੈਣੀ ਸਾਹਿਬ

36. ਬੀਬੀ ਚਰਨਜੀਤ ਕੌਰ ਸੁਪਤਨੀ ਜਗਤਾਰ ਸਿੰਘ ਭੈਣੀ ਸਾਹਿਬ

37. ਬੀਬੀ ਹਰਜਿੰਦਰ ਕੌਰ ਸੁਤਪਨੀ ਅਮਰ ਸਿੰਘ ਮਸਤਨਗੜ੍ਹ

38. ਬੀਬੀ ਗੁਰਮੀਤ ਕੌਰ ਸੁਪਤਨੀ ਸ਼ੇਰ ਸਿੰਘ ਭੈਣੀ ਸਾਹਿਬ

39. ਬੀਬੀ ਲਖਵਿੰਦਰ ਕੌਰ ਸੁਪਤਨੀ ਜਸਵੰਤ ਸਿੰਘ ਭੈਣੀ ਸਾਹਿਬ

40. ਬੀਬੀ ਕਿਰਪਾਲ ਕੌਰ ਮਾਤਾ ਬਲਦੇਵ ਸਿੰਘ ਮੂਣਕ (ਸੰਗਰੂਰ)

41. ਬੀਬੀ ਮਹਿੰਦਰ ਕੌਰ ਸੁਪਤਨੀ ਅਮਰ ਸਿੰਘ, ਨਵੇਰਾ, ਗਵਾਲੀਅਰ

42. ਬੀਬੀ ਪ੍ਰੀਤਮ ਕੌਰ ਮਾਤਾ ਸਤਨਾਮ ਸਿੰਘ ਬਾਜਪੁਰ, ਯੂ. ਪੀ.

43. ਬੀਬੀ ਗੁਰਨਾਮ ਕੌਰ ਮਾਤਾ ਹਰਦਿਆਲ ਸਿੰਘ ਭਾਰਤ ਨਗਰ, ਲੁਧਿਆਣਾ

44. ਬੀਬੀ ਗੁਰਮੇਜ ਕੌਰ ਸੁਪਤਨੀ ਜੁਗਿੰਦਰ ਸਿੰਘ ਪਿੰਡ ਭੋਮਾ ਵਡਾਲਾ (ਅੰਮ੍ਰਿਤਸਰ)

45. ਬੀਬੀ ਵਿਦਿਆਵੰਤੀ ਸੁਪਤਨੀ ਸੰਤ ਕਰਤਾਰ ਸਿੰਘ ਰਾਜੌਰੀ ਗਾਰਡਨ, ਨਵੀਂ ਦਿੱਲੀ

46. ਬੀਬੀ ਗੁਰਮੀਤ ਕੌਰ ਸੁਪਤਨੀ ਜਗਦੀਸ਼ ਸਿੰਘ, ਜਗਵਾਲ (ਸੰਗਰੂਰ)

47. ਬੀਬੀ ਸਵਿੰਦਰ ਕੌਰ ਸੁਪਤਨੀ ਫੁੰਮਣ ਸਿੰਘ ਭੈਣੀ ਸਾਹਿਬ

48. ਬੀਬੀ ਸੀਤਲ ਕੌਰ ਹੁਸ਼ਿਆਰਪੁਰ

49. ਬੀਬੀ ਕਵਲਜੀਤ ਕੌਰ ਸੁਪਤਨੀ ਕੁਲਦੀਪ ਸਿੰਘ, ਫਗਵਾੜਾ

50. ਬੀਬੀ ਮਨਜੀਤ ਕੌਰ ਸੁਪਤਨੀ ਹਰਦੇਵ ਸਿੰਘ ਫਗਵਾੜਾ

51. ਬੀਬੀ ਬਲਬੀਰ ਕੌਰ ਹਾਕੀ ਟੀਮ ਦੀ ਜਲ ਪ੍ਰਸ਼ਾਦ ਦੀ ਸੇਵਕਾ

52. ਬੀਬੀ ਦਰਸ਼ਨ ਕੌਰ ਸੁਪਤਨੀ ਇੰਦਰ ਸਿੰਘ ਮੰਡੀ (ਹਿ. ਪ੍ਰ.)

53. ਬੀਬੀ ਹਰਬੰਸ ਕੌਰ ਸੁਪਤਨੀ ਗੁਰਪਾਲ ਸਿੰਘ ਪਿੰਡ ਵਰਿਆਂਹ (ਅੰਮ੍ਰਿਤਸਰ)

54. ਬੀਬੀ ਪਿਆਰ ਕੌਰ ਮਾਤਾ ਗੁਰਚਰਨ ਸਿੰਘ ਸੰਤ ਨਗਰ (ਸਿਰਸਾ)

55. ਬੀਬੀ ਬਲਜਿੰਦਰ ਕੌਰ ਸੁਪਤਨੀ ਰਣਧੀਰ ਸਿੰਘ ਜੌੜਕੀਆਂ (ਗੰਗਾ ਨਗਰ)

56. ਬੀਬੀ ਸ਼ੰਕਰ ਕੌਰ ਭੈਣੀ ਸਾਹਿਬ

57. ਬੀਬੀ ਗੁਰਮੀਤ ਕੌਰ ਭੈਣੀ ਸਾਹਿਬ

58. ਬੀਬੀ ਅਮਰ ਕੌਰ ਮਾਤਾ ਗੁਰਨਾਮ ਸਿੰਘ, ਸੰਤ ਨਗਰ (ਸਰਸਾ)

59. ਬੀਬੀ ਸਵਰਨ ਕੌਰ ਸੁਪਤਨੀ ਮਹਿੰਦਰ ਸਿੰਘ, ਨਵਾਂ ਪਿੰਡ (ਗੁਰਦਾਸਪੁਰ)

60. ਬੀਬੀ ਹਰਜਿੰਦਰ ਕੌਰ ਗੋਬਿੰਦਪੁਰਾ (ਸਿਰਸਾ)

61. ਬੀਬੀ ਗੁਰਮੀਤ ਕੌਰ ਸੁਪਤਨੀ ਗੁਰਮੁਖ ਸਿੰਘ ਡਰਾਈਵਰ ਭੈਣੀ ਸਾਹਿਬ

62. ਬੀਬੀ ਸੁਰਜੀਤ ਕੌਰ ਮਾਤਾ ਗੁਰਦਿਆਲ ਸਿੰਘ ਭੈਣੀ ਸਾਹਿਬ

63. ਬੀਬੀ ਹਰਜਿੰਦਰ ਕੌਰ ਸੁਪਤਨੀ ਸੂਬਾ ਕਰਤਾਰ ਸਿੰਘ ਹੋਠੀਆਂ (ਗੁਰਦਾਸਪੁਰ)

64. ਮਾਤਾ ਬੁੱਧਾਂ ਮਾਤਾ ਜੀਤ ਸਿੰਘ, ਸਿਰਸਾ

**ਚਲਦਾ.........**

# A Saga Of
# Sri Satguru Jagjit Singh Ji



**Dr. Sharada Jayagovind**

The Company has trained and nurtured more than 5,000 farmers, creating opportunities in rural entrepreneurship across the country. Namdhari Group of Companies have created job opportunities for more than 10,000 people.

It is a matter of great pride that Namdhari Seeds is a truly Indian company grown global with indigenous talent.

Recognition started pouring in for Namdhari Seeds. It received the Best Exporter Award from Government of Karnataka and Ag ricultural and Processed Food Products Export Development Authority (APEDA) 1996-2000.

Thakur Uday Singh ji was unanimously elected the President of the Asian Pacific Seed Association (APSA) at Manila, Philippines, in 1999-2000. He was on the Board of Directors of International Seed Federation 2006-2008. He was also President of Seed Association of India 2007-2008. Thakur Uday Singh ji was hailed as the rising star of the international seed industry.

Namdhari Seeds and Namdhari Fresh have become a household name. The brand name is synonymous with quality. The retail stores cater to the customers who look for fresh vegetables and fruits. The salad bar is an attractive new feature introduced by Bibi Gursharan ji in line with the Namdhari ideology of vegetarianism.

During the phase when Namdhari Farms was growing commercially and going global, Patsha ji reminded Thakur Uday Singh ji that fruit cultivation should not be neglected. Horticulture was very dear to Patsha ji's heart and he asked Thakur Uday Singh ji:

"Kaka, why have you stopped growing fruits in the farm?"

This shows that to Patsha ji in any transaction or work, money was not the primary objective. The work should yield happiness and be wholesome. The balance sheet of an enterprise did not interest Patsha ji much. How beneficial is the work to society mattered most to him. Needless to say, Namdhari Farms resumed fruit cultivation in earnest.

Today, in Bidadi, over a hundred Namdhari families live and work on the farm. They follow Namdhari religious norms and culture and live in amity with the local Kannada population. Working at Namdhari Farms is much sought after and it is a privileged assignment. It is interesting to see the Namdhari community and culture grow on Kannada soil. It is a mini Sri Bhaini Sahib with the morning Asa di Vaar and evening prayers.

The farm has a goshala and its own dairy. It is a self-contained community. The members receive the benefit of vegetables, fruits and milk grown on the farm.

The community observes the Namdhari maryada. Young children go to good schools nearby and the youth study in city colleges. The children receive coaching in tennis, hockey and other games. It is fascinating to see the Namdharis, especially children residing in the farm, speak both Punjabi and Kannada fluently.

A seed sown in the village of Uragahalli, Bangalore, by Satguru Jagjit Singh ji, has grown into a huge tree with branches all over India and abroad promoting the cultivation of quality vegetables, fruits and flowers - indeed, a silent peaceful revolution in the field of agriculture and horticulture.

Satguru Jagjit Singh ji, the mender of the mind, knew the importance of healing the human body also. Whenever people with health issues approached him for help, Patsha ji would send them to hospitals with the instruction that they be given the best treatment. To him, health care was seva to the suffering, a divine intervention to make the body whole. He was the Vaidyo Narayano Harihi in the lives of thousands who came seeking his help and grace.

Patsha ji had a deep desire to build a quality hospital which would serve the people of Punjab and other Northern states. Till that became a reality he used to regularly send patients to doctors known to him.

Dr. G. L. Avasthi, Patsha ji's personal physician, recalls his generosity and concern for others. In 1980s, when Dr. Avasthi was the Professor of Medicine in Dayanand Medical College, Ludhiana, Patsha ji would send patients along with his aide, Darshan Singh, to Dr. Avasthi. The physician would treat them and, if need arose, he would refer them to other specialists. Patsha ji would insist that it was Dr. Avasthi's duty to ensure that they were provided the best treatment.

Over the years, the number of patients from Patsha ji increased significantly and the bill for their treatment mounted up to Rupees ten lakhs per month. This gave impetus to the idea of building a quality hospital which would provide medical care to the poor and the needy.

Once, Patsha ji told Dr. Avasthi:

"Build a great hospital where all patients can be treated, where everyone can get quality treatment irrespective of their status."

There is an interesting story behind the founding of Satguru Partap Singh Apollo Hospitals, Ludhiana. Patsha ji happened to meet Dr. Prathap Chandra Reddy, the eminent physician and founder of the chain of Apollo Hospitals. They were travelling together in the same plane and someone introduced Dr. Reddy to Patsha ji. Patsha ji casually asked him:

"Doctor Sahib, will you help us in putting up an Apollo in Punjab?"

Who would ever refuse a request from an earnest heart and a noble soul like Patsha ji?

Soon negotiations started with Dr. Reddy for the franchise. The contract and plan to build Satguru Partap Singh Apollo Hospitals at Ludhiana was finalized. Surinder Singh Namdhari played a major role in procuring the land for the hospital and approached the Supreme Court too as part of the legal battle for it. T. L. Arora, an NRI devotee, was actively involved in the initial stages of setting up the hospital.

*To be continued......*

# ਅੰਮ੍ਰਿਤਸਰ ਦੇ ਸ਼ਹੀਦਾਂ ਦੀ ਵਾਰ

**ਪ੍ਰਿੰ. ਅਜੀਤ ਸਿੰਘ ਚੀਮਾ**

ਆਇਆ ਸ਼ੇਰ ਪੰਜਾਬ ਦਾ ਜਦ ਕਾਲ ਕਰਾਰਾ।
ਵੇਂਦੇ ਵੇਂਦੇ ਡੁੱਬ ਗਿਆ ਉਹ ਕੁਤਬ ਸਿਤਾਰਾ।
ਘੜੀਆਂ ਦੇ ਵਿਚ ਛਾ ਗਿਆ ਸਭ ਧੁੰਦੂਕਾਰਾ।
ਓਦੇ ਪੁੱਤ ਪੋਤਰੇ ਮਾਰਤੇ ਲਹਿ ਗਿਆ ਲੰਗਾਰਾ।
ਡੋਗਰਿਆਂ ਅੰਗਰੇਜ਼ ਨੂੰ ਲਿਖਿਆ ਪ੍ਰਵਾਨਾ।
ਆ ਕੇ ਸਾਂਭ ਪੰਜਾਬ ਨੂੰ ਮਰਦਾ ਮਰਦਾਨਾ।
ਉਹ ਫੌਜਾਂ ਲੈ ਕੇ ਚੜ੍ਹ ਪਏ ਅੰਗਰੇਜ਼ ਨਿਖੁੱਟੇ।
ਸਿੰਘਾਂ ਦੇ ਹੋ ਸਾਹਮਣੇ ਆਪੋ ਵਿਚ ਜੁੱਟੇ।
ਗੋਲੇ ਜਦੋਂ ਮੈਦਾਨ ਵਿਚ ਤੋਪਾਂ ਦੇ ਛੁੱਟੇ।
ਦੇਸ਼ ਮੇਰੇ ਦੇ ਭਾਗ ਸਨ ਤਦ ਰਣ ਵਿਚ ਫੁੱਟੇ।
ਲੜੇ ਬਹੁਤੇਰਾ ਜ਼ੋਰ ਲਾ ਬਣ ਗਈ ਕੁਵੱਲੀ।
ਗੋਰੇ ਅੱਗੇ ਜ਼ਰਾ ਨਾ ਸਿੰਘਾਂ ਦੀ ਚੱਲੀ।
ਦਿੱਤਾ ਸਾਥ ਅੰਗਰੇਜ਼ ਦਾ ਟੋਡੀ ਸਰਦਾਰਾਂ।
ਅਣਖ ਲੁਟਾਈ ਆਪਣੀ ਬੇਸ਼ਰਮ ਗੱਦਾਰਾਂ।
ਮਾਰਾਂ ਪਈਆਂ ਜੰਗ ਵਿਚ ਇਹਨਾਂ ਸ਼ਾਹ ਸਵਾਰਾਂ।
ਹਰ ਘਰ ਦੇ ਭੇਤੋਂ ਖਾਧੀਆਂ ਇਨ੍ਹਾਂ ਬੁਰੀਆਂ ਹਾਰਾਂ।
ਕਾਰਨ ਬਣ ਗਿਆ ਹਾਰ ਦਾ ਉਹ ਸਿੰਘ ਪਹਾੜਾ।
ਮਾਰਿਆ ਪੈਰੀਂ ਆਪਣੇ ਇਨ੍ਹਾਂ ਆਪ ਕੁਹਾੜਾ।
ਧੋਖੇਬਾਜ਼ ਅੰਗਰੇਜ਼ ਦੀਆਂ ਸਿਰੇ ਚਾਲਾਂ ਚੜ੍ਹੀਆਂ।
ਭਾਰਤ ਮਾਂ ਨੂੰ ਮਾਰੀਆਂ ਲੋਹੇ ਦੀਆਂ ਕੜੀਆਂ।
ਦੇਸ਼ ਭਗਤਾਂ ਨੇ ਆਖਿਆ ਕਰ ਬਾਹਵਾਂ ਖੜ੍ਹੀਆਂ।
ਸਾਨੂੰ ਫੁੱਟ ਆਪਣੀ ਨੇ ਮਾਰਿਆ, ਤਕਦੀਰਾਂ ਸੜੀਆਂ।
ਯੂਨੀਅਨ ਜੈਕ ਦੇ ਝੁੱਲ ਗਏ ਥਾਂ ਥਾਂ 'ਤੇ ਝੰਡੇ।
ਗੋਰੇ ਵਰਤਣ ਲੱਗ ਪਏ ਹੋਛੇ ਹੱਥ ਕੰਡੇ।
ਸੋਚ ਸਮਝ ਕੇ ਗੌਰਮੈਂਟ ਇਕ ਚਾਲ ਚਲਾਈ।
'ਪਾੜੋ ਰਾਜ ਕਰੋ' ਦੀ ਨੀਤੀ ਅਪਣਾਈ।
ਐਸੀ ਤੀਲੀ ਈਰਖਾ ਦੀ, ਉਨ੍ਹਾਂ ਘਰ ਘਰ ਲਾਈ।
ਪਲ ਵਿਚ ਦੁਸ਼ਮਣ ਹੋ ਗਏ ਭਾਈਆਂ ਦੇ ਭਾਈ।
ਇਕ ਦੂਜੇ ਨੂੰ ਢਾਹੁਣ ਲਈ ਕੱਸ ਲਏ ਲੰਗੋਟੇ।
ਭਿੜ ਪਏ ਆਪੋ ਵਿਚ ਨੇ ਜਿਉਂ ਭਿੜਦੇ ਝੋਟੇ।
ਭਾਂਬੜ ਮੱਚੇ ਈਰਖਾ ਦੇ ਅੰਦਰਖਾਨੇ।
ਝੁਲਸ ਗਏ ਨੇ ਅੱਗ ਵਿਚ ਜੋ ਵੱਡੇ ਦਾਨੇ।
ਵਿੱਚ ਭਰਾਵਾਂ ਆਣ ਕੇ ਇਨਾਂ ਪੜਦੇ ਤਾਣੇ।
ਥਾਂ-ਥਾਂ ਖੋਲ੍ਹੇ ਪਾਂਬਰਾਂ ਇਨ੍ਹਾਂ ਬੁੱਚੜਖਾਨੇ।
ਮਜ਼ਬੀ ਏਸ ਜਨੂੰਨ ਨਾਲ ਪਿਆ ਚੀਕ ਚਿਹਾੜਾ।
ਪੈ ਗਿਆ ਹਿੰਦੂਆਂ ਮੋਮਨਾਂ ਵਿਚ ਵੱਡਾ ਪਾੜਾ।
ਹਰਿਮੰਦਰ ਦੇ ਕੋਲ ਗੋਰੇ ਇਹ ਕਾਰਾ ਕਰਿਆ।
ਓਥੇ ਬੁੱਚੜਖਾਨਾ ਖੋਲ੍ਹਿਆ ਨਾ ਰੱਬ ਤੋਂ ਡਰਿਆ।
ਇਹ ਇੰਨਾ ਭਾਰਾ ਜ਼ੁਲਮ ਸੀ ਜੋ ਜਾਏ ਨਾ ਜਰਿਆ।
ਸਿੰਘਾਂ ਦੀ ਉਸ ਹਿੱਕ 'ਤੇ ਏ ਕੋਲਾ ਧਰਿਆ।
ਇੱਲਾਂ ਵਿਚ ਤਲਾ ਦੇ ਆ ਹੱਡੀਆਂ ਸੁੱਟਣ।
ਖੁੰਬਾਂ ਵਾਂਗ ਬਗ਼ਾਵਤਾਂ ਹੁਣ ਲੱਗੀਆਂ ਫੁੱਟਣ।
ਲਹਿਣਾ ਸਿੰਘ ਦੇ ਘਰ, ਸਿੰਘਾਂ ਏ ਗੱਲ ਵਿਚਾਰੀ।
ਹਰੀ ਮੰਦਰ ਦੀ ਹੋ ਰਹੀ ਬੇਅਦਬੀ ਭਾਰੀ।
ਸਿਰ ਤੋਂ ਪਾਣੀ ਲੰਘ ਗਿਆ, ਗਈ ਅਣਖ ਵੰਗਾਰੀ।
ਏ ਹੱਤਕ ਸਾਥੋਂ ਹੋਰ ਨਾ, ਹੁਣ ਜਾਏ ਸਹਾਰੀ।
ਹੱਥੀਂ ਬੰਨੋ ਯੋਧਿਓ, ਹੁਣ ਮੌਤ ਦੇ ਗਾਨੇ।
ਫੜ੍ਹ ਤਲਵਾਰਾਂ ਢਾਹ ਦਿਓ ਏ ਬੁੱਚੜਖਾਨੇ।
ਨਾਨਕ ਗੁਰੂ ਗੋਬਿੰਦ ਦੇ ਅਸੀਂ ਨਾਦੀ ਜਾਏ।
ਅਸੀਂ ਜੰਮੇ ਤੇਗ ਦੀ ਧਾਰ 'ਚੋਂ, ਸਾਨੂੰ ਮੌਤ ਖਿਡਾਏ।
ਸਾਨੂੰ ਨੇਜ਼ੇ, ਢਾਲਾਂ, ਬਰਛੀਆਂ ਨੇ ਕਰਦੇ ਸਾਏ।
ਅਸੀਂ ਪੀ ਪੀ ਖੱਪਰ ਖ਼ੂਨ ਦੇ ਵੀ ਰਹੇ ਤਿਹਾਏ।
ਅਸੀਂ ਵੀਰ ਬਹਾਦਰ ਸੂਰਮੇ ਨਹੀਂ ਬੁਜ਼ਦਿਲ ਸਾਥੀ।
ਅਸੀਂ ਮਾਰ ਭਜਾਈਏ ਨਾਗਨੀ ਕਈ ਖ਼ੂਨੀ ਹਾਥੀ।
ਵੈਰੀ ਹੈਸਨ ਕੰਬਦੇ ਸੁਣ ਸਾਡੀਆਂ ਸੋਆਂ।
ਲੱਖਾਂ ਜ਼ਾਲਮ ਡੋਬਤੇ, ਇਨ੍ਹਾਂ ਤਿੱਖੀਆਂ ਰੋਆਂ।
ਨੇੜੇ ਮੌਤ ਨਾ ਆਂਵਦੀ ਸਾਡੇ ਲੱਖਾਂ ਕੋਹਾਂ।
ਸਾੜ ਨਾ ਸਕੀਆਂ ਅਸਾਂ ਨੂੰ ਕਈ ਤੱਤੀਆਂ ਲੋਹਾਂ।
ਆਪਣੇ ਉਸ ਇਤਿਹਾਸ ਨੂੰ ਤੁਸੀਂ ਫੇਰ ਦੁਹਰਾਓ।
ਟੱਪੋ ਇਸੇ ਲਕੀਰ ਨੂੰ ਜਿਹਨੂੰ ਮਰਨ ਦਾ ਚਾਓ।
ਆਰੇ ਦਿਆਂ ਦੰਦਿਆਂ ਸਾਨੂੰ ਹੈ ਅਜ਼ਮਾਇਆ।
ਦੇਗਾਂ ਦੇ ਵਿਚ ਬੈਠ ਕੇ ਅਸਾਂ ਇਸ਼ਕ ਕਮਾਇਆ।
ਭੱਠੀਆਂ ਭਖਦੀਆਂ ਵੇਖ ਕੇ ਸਾਨੂੰ ਖ਼ੌਫ਼ ਨਾ ਆਇਆ।
ਲੋਹਾਂ ਉੱਤੇ ਬੈਠ ਕੇ, ਅਸਾਂ ਯਾਰ ਮਨਾਇਆ।
ਅਸੀਂ ਮੰਗੀਏ ਮੰਗ ਨਾ ਕਿਸੇ ਤੋਂ ਕਦੀ ਬਣ ਭਿਖਾਰੀ।
ਅਸੀਂ ਕਾਇਮ ਰੱਖਾਂਗੇ ਤੇਗ ਨਾਲ ਆਪਣੀ ਸਰਦਾਰੀ।

ਏਥੇ ਆਪ ਹਰੀ ਦਾ ਵਾਸ ਹੈ ਕੋਈ ਨਹੀਂ ਅਡੰਬਰ।
ਏਥੇ ਆਉਣ ਨਹੀਂ ਦਿੱਤਾ ਕਦੀ ਵੀ ਕੋਈ ਬੜਾ ਬਤੰਗੜ।
ਏਥੇ ਜਿਸ ਨਚਾਈ ਵੇਸਵਾ ਬਣ ਵਹਿਸ਼ੀ ਡੰਗਰ।
ਮਰਿਆ ਕਿੱਦਾਂ ਵੇਖ ਲਉ ਤੁਸੀਂ ਮੱਸਾ ਰੰਘੜ।
ਰੋਹ ਵਿਚ ਆ ਕੇ ਖਾਲਸੇ ਜਦ ਤੇਗ ਉਠਾਈ।
ਪੈਰਾਂ ਵਿਚ ਲਤਾੜਨੀ ਉਹਦੀ ਰੰਘੜਾਈ।
ਸਮਾਂ ਆ ਗਿਆ ਅਣਖੀਓ ਹੁਣ ਅਣਖ ਵਿਖਾਓ।
ਰਾਖੀ ਗਊ ਗਰੀਬ ਦੀ, ਲਈ ਅੱਗੇ ਆਓ।
ਜੋ ਖੂਨ ਡੋਲ੍ਹਦੇ ਗਊ ਦਾ, ਬੁੱਚੜ ਝਟਕਾਓ।
ਹਰੀ ਮੰਦਰ ਦੀ ਸ਼ਾਨ ਲਈ ਜਿੰਦ ਘੋਲ ਘੁਮਾਓ।
ਰਹਿਣ ਨਾ ਬੁੱਚੜ, ਬੁੱਚੜਾਂ ਦੇ ਬੁੱਚੜਖਾਨੇ।
ਹੱਥ ਵਿਚ ਤੇਗਾਂ ਪਕੜ ਕੇ ਚੜ੍ਹ ਪਏ ਮਸਤਾਨੇ।
ਉਹਨਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡੇ।
ਆਏ ਜਿਹੜੇ ਸਾਹਮਣੇ, ਉਹ ਬੁੱਚੜ ਵੱਢੇ।
ਉਹਨਾਂ ਬੁੱਚੜਖਾਨਿਉਂ ਜਾ ਕੇ ਗਊ ਬਲਦ ਕੱਢੇ,
ਆਨੇ ਰਹਿ ਗਏ ਵੈਰੀਆਂ ਅੱਡੇ ਦੇ ਅੱਡੇ।
ਉਹਨਾਂ ਪਲ ਵਿਚ ਕੀਤੀ ਵਾਰਦਾਤ ਜਿਉਂ ਖੇਡ ਮਦਾਰੀ।
ਉਹ ਪਹੁੰਚੇ ਭੈਣੀ ਸਾਹਿਬ ਜਾ ਲਾ ਪਾਉਣ ਉਡਾਰੀ।
ਪਲ ਵਿਚ ਸਾਰੇ ਸ਼ਹਿਰ ਵਿਚ ਫਿਰ ਗਈ ਕਹਾਰੀ।
ਮੋਮਨ ਕਹਿਣ ਅੰਗਰੇਜ਼ ਨੂੰ ਤੇਰੀ ਚੰਗੀ ਯਾਰੀ।
ਹੱਕੀ ਬੱਕੀ ਗੌਰਮੈਂਟ ਸੀ ਹੋ ਗਈ ਸਾਰੀ।
ਕਿਹੜਾ ਰਾਜ ਅੰਗਰੇਜ਼ ਨੂੰ ਸੱਟ ਲਾ ਗਿਆ ਭਾਰੀ।
ਉਹਨਾਂ ਸਿੰਘ ਲਾਡਲੀ ਫੌਜ ਦੇ ਕਈ ਫੜ੍ਹ-ਫੜ੍ਹ ਕੁੱਟੇ।
ਬੇਦੋਸ਼ੇ ਨਿਹੰਗ ਕਈ ਜੇਹਲਾਂ ਵਿਚ ਸੁੱਟੇ।
ਓਧਰ ਸਿੰਘ ਗੁਰਾਂ ਨੂੰ ਆਖਦੇ ਅਸੀਂ ਕੱਢੇ ਕੰਡੇ।
ਗਊਆਂ ਨੂੰ ਸਨ ਮਾਰਦੇ ਪਾਪੀ ਮੁਸ਼ਟੰਡੇ।
ਅਸਾਂ ਬਹੁਤ ਸਮਾਂ ਸੀ ਵੇਖਿਆ ਕਰ ਜਿਗਰੇ ਠੰਡੇ।
ਜਦੋਂ ਚਾਰਾ ਕੋਈ ਨਾ ਚੱਲਿਆ, ਅਸਾਂ ਫੜ੍ਹ ਲਏ ਖੰਡੇ।
ਹੁਕਮ ਤੁਹਾਡਾ ਲੋਚਦੇ ਸਿਦਕੀ ਪ੍ਰਵਾਨੇ।
ਡਰਦੇ ਜ਼ਰਾ ਨਹੀਂ ਮੌਤ ਤੋਂ, ਏ ਮਸਤ ਦੀਵਾਨੇ।
ਚੀਨੀ ਵਾਲੇ ਆਖਿਆ, ਮੈਨੂੰ ਸਮਝ ਨ ਆਵੇ।
ਬੋਹਲ ਬਨਾਵੇ ਹੋਰ ਤੇ, ਕਈ ਹੋਰ ਲੈ ਜਾਵੇ।
ਗਾਨ੍ਹਾ ਬੰਨੇ ਹੋਰ, ਹੋਰ ਲਾੜੀ ਪ੍ਰਨਾਵੇ।
ਕਾਇਰਾਂ ਵਾਂਗ ਦੌੜਨਾ ਨਾ ਮੈਨੂੰ ਭਾਵੇ।
ਹੱਸ ਹੱਸ ਪੀਓ ਸੋਹਣਿਓ ਜਾਮ ਸ਼ਹਾਦਤ।
ਨਹੀਂ ਤਾਂ ਮਿਲ ਜਾਓ ਖਾਕ ਵਿਚ ਏ ਪਾਕ ਅਬਾਦਤ।
ਅੰਮ੍ਰਿਤਸਰ ਵੱਲ ਚੱਲ ਪਏ, ਸਿੰਘ ਕਰਕੇ ਧਾਈ।

ਉਹ ਮੰਜਿਲ ਉਤੇ ਪਹੁੰਚ ਗਏ ਕਰੂ ਕਰਕੇ ਢਾਈ।
ਹਾਜ਼ਰ ਹੋਏ ਕੋਰਟ ਵਿਚ ਉਹ ਕਰਕੇ ਧਾਈ।
ਫੜ੍ਹ ਲਓ ਸਾਨੂੰ ਗੋਰਿਓ, ਸਾਡਾ ਰੱਬ ਸਹਾਈ।
ਲਹਿਣਾ ਸਿੰਘ ਵਿਚ ਕੋਰਟ ਦੇ ਮਾਰੇ ਲਲਕਾਰੇ।
ਸਾਨੂੰ ਫਾਂਸੀ ਚਾੜ੍ਹਿਓ ਗੋਰਿਓ ਅਸਾਂ ਬੁੱਚੜ ਮਾਰੇ।
ਅਸਾਂ ਦੇਸ਼ 'ਚੋਂ ਕੱਢਣਾ ਤੁਸਾਂ ਨੂੰ ਤਾਂ ਤੇਗਾਂ ਫੜੀਆਂ।
ਰਹਿਣਾ ਨਹੀਂ ਗੁਲਾਮ ਅਸੀਂ ਤੋੜਾਂਗੇ ਕੜੀਆਂ।
ਸਾਨੂੰ ਦੇਸ਼ ਆਜ਼ਾਦ ਕਰਾਉਣ ਲਈ ਨੇ ਮਸਤੀਆਂ ਚੜ੍ਹੀਆਂ।
ਅਸਾਂ ਕਰਨ ਬਗ਼ਾਵਤ ਵਾਸਤੇ ਇਹ ਪੱਟੀਆਂ ਪੜ੍ਹੀਆਂ।
ਹੁਣ ਦੇਰ ਨੇ ਲਾਓ ਜ਼ਰਾ ਵੀ ਅਸੀਂ ਕਿੱਥੋਂ ਨੱਸੇ।
ਸਾਨੂੰ ਛੇਤੀ ਦਿਉ ਸ਼ਿੰਗਾਰ ਗਲਾਂ ਵਿਚ ਪਾ ਦਿਉ ਰੱਸੇ।
ਸੈਸ਼ਨ ਜੱਜ ਦੀ ਕੋਰਟ ਵਿਚ ਹੋਈ ਸੁਨਵਾਈ।
ਉਨਾਂ ਟੋਡੀ ਕੱਠੇ ਕਰ ਕੇ, ਦੇ ਲਈ ਗਵਾਹੀ।
ਝੂਠੀ ਝੂਠੇ ਝੂਠਿਆਂ ਝੱਟ ਮਿਸਲ ਬਨਾਈ।
ਬੁੱਚੜ ਕਤਲ ਕਰਨ ਦੀ ਏ ਸਜ਼ਾ ਸੁਨਾਈ।
ਹਾਕਮ, ਬੀਲ੍ਹੇ, ਫਤਹਿ ਨੇ ਫਾਂਸੀ ਪ੍ਰਵਾਨੀ।
ਲਹਿਣਾ ਸਿੰਘ ਤੇ ਲਾਲ ਸਿੰਘ ਨੂੰ ਕਾਲੇ ਪਾਣੀ।
ਕਰ ਇਸ਼ਨਾਨ ਸਰੋਵਰੋਂ ਸਿੰਘ ਕਰਨ ਤਿਆਰੀ।
ਲੱਗੇ ਗੰਢਣ ਮੌਤ ਨਾਲ ਏ ਪੱਕੀ ਯਾਰੀ।
ਜਪੁਜੀ ਦਾ ਕਰ ਪਾਠ ਸਿੰਘਾਂ ਨੇ ਅਰਜ਼ ਗੁਜ਼ਾਰੀ।
ਰੱਖੀਂ ਚੀਨੀ ਵਾਲਿਆ ਅੱਜ ਲਾਜ ਹਮਾਰੀ।
ਪੜ੍ਹਦੇ ਬਾਣੀ ਚੱਲ ਪਏ ਬੀਹਲੇ ਤੇ ਲਹਿਣੇ।
ਵੱਜਣ ਹੋ ਕੇ ਇਕ ਤਾਰ ਢੋਲਕ ਤੇ ਛੈਣੇ।
ਬੋਹੜਾਂ ਥੱਲੇ ਲੈ ਗਏ ਉਹ ਗੁਰੂ ਪਿਆਰੇ।
ਕੱਠੇ ਹੋ ਗਏ ਸ਼ਹਿਰ ਦੇ ਆ ਲੋਕੀਂ ਸਾਰੇ।
ਚੱਲੋ ਚੱਲ ਕੇ ਵੇਖੀਏ, ਅੱਜ ਅਜਬ ਨਜ਼ਾਰੇ।
ਫਾਂਸੀ ਲੱਗੇ ਚੜ੍ਹਨ ਨੇ ਔਹ ਗੁਰੂ ਦੁਲਾਰੇ।
ਬੀਹਲਾ ਸਿੰਘ ਨੇ ਆਖਿਆ ਅਸੀਂ ਹਾਂ ਬਲਕਾਰੀ।
ਏਥੇ ਮਹਿਲ ਅਜ਼ਾਦੀ ਬਣੇਗਾ, ਜਿਦ੍ਹੀ ਨੀਂਹ ਉਸਾਰੀ।
ਰੱਸੇ ਪਾ ਲਏ ਗਲਾਂ ਵਿਚ ਸਿੰਘਾਂ ਸਰਦਾਰਾਂ।
ਔਂਦੀ ਮੌਤ ਨੂੰ ਵੇਖ ਕੇ, ਉਹ ਚੁੰਮਣ ਦਾਰਾਂ।
ਪੀਘਾਂ ਝੂਟਣ ਲੱਗੀਆਂ ਮਸਤਾਂ ਦੀਆਂ ਡਾਰਾਂ।
ਜਿਵੇਂ ਸਾਵੇਂ ਖੇਡਣ ਸਉਣ ਵਿਚ ਸੁੰਦਰ ਮੁਟਿਆਰਾਂ।
ਜਾਮ ਸ਼ਹਾਦਤ ਪੀ ਗਏ, ਉਹ ਮਸਤ ਦੀਵਾਨੇ।
ਅਮਰ ਰਹਿਣਗੇ 'ਚੀਮਿਆ' ਕੂਕੇ ਮਸਤਾਨੇ।

..............................................

# ਸੁੱਚੇ ਮੋਤੀ

ਰਾਸ਼ਟਰਪਤੀ ਲਿੰਕਨ ਨੇ ਕੱਲ੍ਹ ਰਾਤ ਸੁਪਨੇ ਵਿੱਚ ਵੇਖਿਆ ਕਿ ਉਹ ਆਮ ਲੋਕਾਂ ਦੇ ਇਕ ਸਮੂਹ ਵਿੱਚ ਖੜੇ ਹਨ। ਜਦ ਲੋਕਾਂ ਨੂੰ ਉਹਨਾਂ ਬਾਰੇ ਪਤਾ ਲੱਗਾ ਕਿ ਉਹ ਕੌਣ ਹਨ, ਤਾਂ ਉਹ ਉਹਨਾਂ ਦੀ ਸ਼ਕਲ ਬਾਰੇ ਗੱਲਾਂ ਕਰਨ ਲੱਗੇ।

"ਇਹ ਤਾਂ ਆਮ ਜਿਹਾ ਦਿਖਣ ਵਾਲਾ ਬੰਦਾ ਏ।" ਕਿਸੇ ਨੇ ਕਿਹਾ।

ਲਿੰਕਨ ਨੇ ਇਹ ਸੁਣਿਆ, ਤਾਂ ਬੋਲੇ, "ਆਮ ਜਿਹੇ ਬੰਦੇ ਸੰਸਾਰ ਵਿੱਚ ਸਭ ਤੋਂ ਚੰਗੇ ਬੰਦੇ ਹੁੰਦੇ ਨੇ। ਏਸੇ ਲਈ ਤਾਂ ਰੱਬ ਉਹਨਾਂ ਨੂੰ ਏਨੀ ਵੱਡੀ ਗਿਣਤੀ ਵਿੱਚ ਬਣਾਉਂਦਾ ਏ।"

(ਜੌਨ ਹੇ ਦੀ ਡਾਇਰੀ 'ਚੋਂ)

---

ਇਬ੍ਰਾਹੀਮ ਆਦਮ ਬਲਖ਼ ਦੀ ਬਾਦਸ਼ਾਹਤ ਛੱਡ ਕੇ ਫ਼ਕੀਰ ਬਣ ਗਿਆ ਸੀ ਤੇ ਰੱਬ ਦੀ ਇਬਾਦਤ ਅਤੇ ਲੋਕਾਂ ਦੀ ਸੇਵਾ ਵਿੱਚ ਜ਼ਿੰਦਗੀ ਬਿਤਾਉਣ ਲੱਗਾ ਸੀ।

ਇਕ ਦਿਨ ਉਸਦਾ ਮੇਲ ਇਕ ਅਜਿਹੇ ਫ਼ਕੀਰ ਨਾਲ ਹੋਇਆ, ਜੋ ਆਪਣੀ ਫ਼ਕੀਰੀ ਦੀ ਜ਼ਿੰਦਗੀ 'ਤੇ ਖੁਸ਼ ਨਹੀਂ ਸੀ ਤੇ ਆਪਣੇ ਆਪ ਨੂੰ ਕੋਸ ਰਿਹਾ ਸੀ।

ਇਬ੍ਰਾਹੀਮ ਨੇ ਹੈਰਾਨੀ ਜ਼ਾਹਰ ਕਰਦਿਆਂ ਕਿਹਾ, "ਲੱਗਦਾ ਏ ਕਿ ਫ਼ਕੀਰੀ ਤੁਹਾਨੂੰ ਐਵੇਂ ਹੀ ਮਿਲ ਗਈ ਏ। ਇਸ ਲਈ ਤੁਸੀਂ ਕੋਈ ਕੁਰਬਾਨੀ ਜਾਂ ਘਾਲਣਾ ਨਹੀਂ ਕੀਤੀ।"

ਫ਼ਕੀਰ ਹੱਸਿਆ, "ਤਾਂ ਕੀ ਫ਼ਕੀਰੀ ਦੀ ਵੀ ਕੀਮਤ ਚੁਕਾਉਣੀ ਪੈਂਦੀ ਏ?"

"ਬੇਸ਼ੱਕ! ਮੈਂ ਫ਼ਕੀਰੀ ਬਲਖ ਦੀ ਬਾਦਸ਼ਾਹਤ ਦੇ ਕੇ ਹਾਸਲ ਕੀਤੀ ਸੀ।"

---

ਹਜ਼ਰਤ ਇਮਾਮ ਹਸਨ ਤੋਂ ਕਿਸੇ ਨੇ ਪੁੱਛਿਆ:

"ਦੁਨੀਆਂ ਵਿੱਚ ਮਰਦ ਕਿੰਨੀ ਕਿਸਮ ਦੇ ਹਨ?"

"ਤਿੰਨ ਕਿਸਮ ਦੇ- ਪੂਰਾ ਮਰਦ, ਨੀਮ ਮਰਦ ਤੇ ਨਾਮਰਦ।"

"ਇਸ ਦਾ ਰਤਾ ਖੁਲਾਸਾ ਕਰਕੇ ਦੱਸੋ।"

"ਪੂਰਾ ਮਰਦ ਉਹ ਹੈ, ਜਿਸ ਦੀ ਖ਼ੁਦ ਦੀ ਵੀ ਰਾਏ ਹੋਵੇ ਤੇ ਜੋ ਦੂਜਿਆਂ ਦੀ ਵੀ ਰਾਏ ਲੈਂਦਾ ਹੋਵੇ। ਨੀਮ ਮਰਦ ਉਹ ਹੈ, ਜਿਸ ਦੀ ਆਪਣੀ ਰਾਏ ਤਾਂ ਹੋਵੇ, ਪਰ ਕਿਸੇ ਹੋਰ ਦੀ ਰਾਏ ਨਾ ਲੈਂਦਾ ਹੋਵੇ। ਤੇ ਨਾਮਰਦ ਉਹ ਹੈ, ਜਿਸਦੀ ਨਾ ਆਪਣੀ ਰਾਏ ਹੋਵੇ, ਤੇ ਨਾ ਹੀ ਕਿਸੇ ਦੀ ਰਾਏ ਲੈਂਦਾ ਹੋਵੇ।"

**ਆਰਸੀ ਤੇ ਸੁਖਬੀਰ 'ਚੋਂ**

---

# ਬੱਚਿਆਂ ਦਾ ਪੰਨਾ

## ਇਹ ਚਿੱਕੜ ਨਹੀਂ– ਕੇਸਰ ਛਿੜਕਿਆ ਹੈ

ਲਹਿਣਾ ਜੀ (ਗੁਰੂ ਅੰਗਦ ਦੇਵ) ਨੇ ਕਰਤਾਰਪੁਰ ਵਿਖੇ (ਸਤਿਗੁਰੂ ਨਾਨਕ ਦੇਵ ਜੀ ਦੇ ਗ੍ਰਿਹ ਵਿਖੇ) ਮਾਤਾ ਜੀ ਤੋਂ ਪੁੱਛਿਆ ਕਿ ਸਤਿਗੁਰੂ ਜੀ ਕਿਥੇ ਹਨ?

ਉੱਤਰ ਮਿਲਿਆ ਕਿ ਖੇਤਾਂ ਵਿਚ ਗਏ ਹਨ। ਸਤਿਗੁਰੂ ਨਾਨਕ ਦੇਵ ਜੀ ਆਪਣੇ ਝੋਨੇ ਦੇ ਖੇਤਾਂ ਵਿਚੋਂ ਨਦੀਨ (ਘਾਹ) ਕੱਢ ਰਹੇ ਸਨ।

ਲਹਿਣਾ ਜੀ ਨੇ ਜਾ ਕੇ ਮੱਥਾ ਟੇਕਿਆ। ਸਤਿਗੁਰੂ ਜੀ ਹੁਕਮ ਕੀਤਾ ਕਿ ਇਹ ਘਾਹ ਦੀ ਪੰਡ ਚੁੱਕ ਕੇ ਪਸ਼ੂਆਂ ਵਾਸਤੇ ਡੇਰੇ ਲੈ ਜਾਓ।

ਲਹਿਣਾ ਜੀ ਨੇ ਬਿਨਾਂ ਕਿਸੇ ਝਿਜਕ ਨਦੀਨ ਦੀ ਪੰਡ ਚੁੱਕ ਲਈ। ਉਹਨਾਂ ਨੇ ਇਹ ਰੱਤੀ ਭਰ ਵੀ ਮਹਿਸੂਸ ਨਹੀਂ ਕੀਤਾ ਕਿ ਮੇਰੇ ਚਿੱਟੇ ਕੱਪੜੇ ਹਨ। ਮੈਂ ਹੱਟੀ ਦਾ ਕੰਮ ਕਰਦਾ ਹਾਂ, ਜਾਂ ਇਹ ਕੰਮ ਕਾਮਿਆਂ ਦਾ, ਨੌਕਰਾਂ ਦਾ ਹੈ।

ਸਤਿਗੁਰੂ ਜੀ ਡੇਰੇ ਆਏ। ਮਾਤਾ ਸੁਲੱਖਣੀ ਜੀ ਨੇ ਇਹ ਦੇਖ ਕੇ ਸ੍ਰੀ ਸਤਿਗੁਰੂ ਜੀ ਪਾਸ ਬੇਨਤੀ ਕੀਤੀ, "ਪਾਤਸ਼ਾਹ ਜੀ! ਤੁਸੀਂ ਪ੍ਰਾਹੁਣਿਆਂ ਦਾ ਵੀ ਧਿਆਨ ਨਹੀਂ ਰੱਖਦੇ, ਲਹਿਣਾ ਜੀ ਦੇ ਸਾਰੇ ਚਿੱਟੇ ਕੱਪੜੇ ਚਿੱਕੜ ਨਾਲ ਖਰਾਬ ਹੋ ਗਏ ਹਨ।"

ਸਤਿਗੁਰੂ ਜੀ ਹੁਕਮ ਕੀਤਾ, "ਤੁਹਾਨੂੰ ਪਤਾ ਨਹੀਂ ਹੈ, ਇਹ ਚਿੱਕੜ ਨਹੀਂ, ਕੇਸਰ ਛਿੜਕਿਆ ਹੈ।"

ਇਹ ਤਾਂ ਸਤਿਗੁਰੂ ਨਾਨਕ ਦੇਵ ਜੀ ਹੀ ਜਾਣਦੇ ਸਨ ਕਿ ਲਹਿਣਾ ਜੀ ਨੇ ਮੇਰੇ ਤੋਂ ਬਾਅਦ ਗੁਰਗੱਦੀ ਦਾ ਭਾਰ ਸੰਭਾਲਣਾ ਹੈ।

..........................................................................

## ਵਲੀ ਕੰਧਾਰੀ

ਸਤਿਗੁਰ ਨਾਨਕ ਦੇਵ ਜੀ, ਬਾਲਾ ਤੇ ਮਰਦਾਨਾ ਜੀ ਹਸਨ ਅਬਦਾਲ ਪਹੁੰਚੇ। ਮਰਦਾਨੇ ਨੂੰ ਬੜੀ ਪਿਆਸ ਲੱਗੀ, ਨੇੜੇ ਤੇੜੇ ਪਾਣੀ ਨਹੀਂ ਸੀ।

ਕੇਵਲ ਇਕ ਪਹਾੜੀ ਦੇ ਉਪਰ ਚਸ਼ਮਾ ਸੀ। ਵਲੀ ਕੰਧਾਰੀ ਨੇ ਸਾਫ਼ ਪਾਣੀ ਤਲਾਅ ਵਿੱਚ ਭਰ ਰੱਖਿਆ ਸੀ। ਸਤਿਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਪਹਾੜੀ ਦੇ ਉੱਪਰ ਭੇਜਿਆ। ਪਰ ਹੰਕਾਰੀ ਵਲੀ ਕੰਧਾਰੀ ਨੇ ਪਾਣੀ ਦੇਣ ਤੋਂ ਨਾਂਹ ਕਰ ਦਿੱਤੀ ਕਿ ਤੂੰ ਹਿੰਦੂ ਗੁਰੂ ਨਾਲ ਕਿਉਂ ਰਹਿੰਦਾ ਹੈਂ? ਸਤਿਗੁਰੂ ਜੀ ਨੇ ਮਰਦਾਨੇ ਨੂੰ ਤੀਸਰੀ ਵਾਰ ਭੇਜਿਆ। ਵਲੀ ਨੇ ਪਾਣੀ ਫਿਰ ਵੀ ਨਾ ਪਿਲਾਇਆ ਸਗੋਂ ਡੰਡਾ ਮਾਰਨ ਲੱਗਾ। ਮਰਦਾਨਾ ਵਾਪਸ ਆ ਗਿਆ।

ਸਤਿਗੁਰੂ ਜੀ ਨੇ ਕਿਰਪਾ ਕੀਤੀ, ਇਕ ਛੋਟਾ ਜਿਹਾ ਪੱਥਰ ਚੁੱਕਣ 'ਤੇ ਪਾਣੀ ਦਾ ਚਸ਼ਮਾ ਫੁੱਟ ਪਿਆ। ਮਰਦਾਨੇ ਨੇ ਰੱਜ ਕੇ ਪਾਣੀ ਪੀਤਾ ਅਤੇ ਇਸ਼ਨਾਨ ਭੀ ਕਰ ਲਿਆ। ਪਹਾੜੀ ਦਾ ਸਾਰਾ ਪਾਣੀ ਥੱਲੇ ਖਿੱਚ ਲਿਆ। ਵਲੀ ਕੰਧਾਰੀ ਨੇ ਗੁੱਸੇ ਵਿਚ ਇਕ ਵੱਡਾ ਪੱਥਰ ਉਪਰੋਂ ਹੇਠਾਂ ਰੇੜ੍ਹ ਦਿੱਤਾ। ਮਰਦਾਨਾ ਡਰਿਆ, ਪਰ ਸਤਿਗੁਰੂ ਜੀ ਨੇ ਆਪਣੇ ਪੰਜੇ ਨਾਲ ਉਹ ਪੱਥਰ ਰੋਕ ਲਿਆ। ਪੱਥਰ ਵਿਚ ਪੰਜਾ ਛਪ ਗਿਆ। ਵਲੀ ਕੰਧਾਰੀ ਫਿਰ ਆਇਆ। ਸਤਿਗੁਰੂ ਜੀ ਤੋਂ ਮਾਫ਼ੀ ਮੰਗੀ। ਸਤਿਗੁਰੂ ਜੀ ਨੇ ਸੇਵਾ ਕਰਨ ਦਾ ਅਤੇ ਨੇਕ ਨੀਯਤ ਰੱਖਣ ਦਾ ਉਪਦੇਸ਼ ਦਿੱਤਾ।

ਇਸ ਜਗ੍ਹਾ ਅੱਜ ਕੱਲ੍ਹ ਗੁਰਦੁਵਾਰਾ ਪੰਜਾ ਸਾਹਿਬ ਸਥਿਤ ਹੈ।

..........................................................................

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ ਤੇ ਭਾਦਰਾ (ਰਾਜਸਥਾਨ)

ਗੁਰਸਿੱਖੀ ਫੁਲਵਾੜੀ ਨੂੰ ਹਰਿਆ ਭਰਿਆ ਕਰਨ ਲਈ ਸਤਿਗੁਰੂ ਰੂਪੀ ਮਾਲੀ ਹਮੇਸ਼ਾਂ ਹੀ ਆਪਣਾ ਬਖ਼ਸ਼ਿਸ਼ ਰੂਪੀ ਪਾਣੀ ਦੇਣ ਲਈ ਕਿਰਪਾ ਕਰਦੇ ਰਹਿੰਦੇ ਹਨ। ਗੁਰਸਿੱਖੀ ਰੂਪੀ ਫੁਲਵਾੜੀ ਵੀ ਆਪਣੇ ਮਾਲਕ ਅਤੇ ਮਾਲੀ ਦੇ ਦਰਸ਼ਨ ਦੀਦਾਰ ਪਾ ਕੇ ਹਮੇਸ਼ਾਂ ਦੀ ਤਰ੍ਹਾਂ ਟਹਿਕਣ ਲੱਗ ਪੈਂਦੀ ਹੈ। ਇਹੀ ਗੁਰੂ ਦੀ ਵੱਡੀ ਵਡਿਆਈ ਹੁੰਦੀ ਹੈ। ਨਾਮਧਾਰੀ ਪੰਥ ਦੇ ਮੌਜੂਦਾ ਰਹਿਨੁਮਾ ਅਤੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਜਿਹੀ ਕਿਰਪਾ ਦੀ ਵਰਖਾ ਹਮੇਸ਼ਾਂ ਆਪਣੇ ਸਾਜੇ ਨਿਵਾਜੇ ਸਿੱਖਾਂ ’ਤੇ ਕਰਦੇ ਰਹਿੰਦੇ ਹਨ।

**1 ਅਗਸਤ 2021** ਦਿਨ ਐਤਵਾਰ ਦੁਪਹਿਰ ਦੇ ਨਾਮ ਸਿਮਰਨ ਤੋਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਸਿੱਖ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ-ਸੰਗਤ ਨੂੰ ਦਰਸ਼ਨ ਦੇਣ ਲਈ ਸ਼ਾਮ 5:30 ’ਤੇ ਕਮਰ ਕੱਸੇ ਕਰ ਚਾਲੇ ਪਾਏ। ਵਾਇਆ ਬਰਨਾਲਾ, ਬਠਿੰਡਾ ਹੁੰਦੇ ਹੋਏ ਗੱਡੀ ਵਿਚ ਹੀ ਟੋਕੀਓ ਓਲੰਪਿਕ ਵਿਚ ਭਾਰਤ ਬਨਾਮ ਬ੍ਰਿਟੇਨ ਦਾ ਹਾਕੀ ਮੈਚ ਦੇਖਦੇ ਹੋਏ, ਤਕਰੀਬਨ 9:20 ’ਤੇ ਹਨੇਰੇ ਹੁੰਦੇ ਤੱਕ ਸ੍ਰੀ ਮਸਤਗੜ੍ਹ ਪਹੁੰਚੇ ਅਤੇ ਵਿਸ਼ਰਾਮ ਕੀਤਾ।

**2 ਅਗਸਤ 2021** ਦਿਨ ਸੋਮਵਾਰ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਵਿੱਚ ਆਸਾ ਦੀ ਵਾਰ ਦਾ ਕੀਰਤਨ ਮਸਤਾਨ ਗੜ੍ਹ ਵਿਖੇ ਰਾਗੀ ਸਰਮੁਖ ਸਿੰਘ ਅਤੇ ਸ਼ਾਮ ਸਿੰਘ ਨੇ ਕੀਤਾ। ਭੋਗ ਉਪਰੰਤ ਕੁਝ ਸਰੀਰਾਂ ਦੀਆਂ ਅਰਜ਼ਾਂ ਸੁਣਨ ਬਾਅਦ ਸਤਿਗੁਰੂ ਜੀ ਨੇ ਪਿੰਡ ਸੰਤ ਨਗਰ ਵਿਖੇ ਮਿਸਤਰੀ ਭਗਵਾਨ ਸਿੰਘ ਦੇ ਚੜ੍ਹਾਈ ਕਰਨ ’ਤੇ ਉਸ ਦੇ ਘਰ ਦਰਸ਼ਨ ਦਿੱਤੇ। ਸ. ਗੁਰਬਖ਼ਸ਼ ਸਿੰਘ ਨੂੰ ਦਰਸ਼ਨ ਦਿੱਤੇ, ਨਿਸ਼ਾਨ ਸਿੰਘ ਪੁੱਤਰ ਮੁਖਤਿਆਰ ਸਿੰਘ ਦੇ ਘਰ ਚਰਨ ਪਾਏ। ਸ. ਗੁਰਦੀਪ ਸਿੰਘ ਦੇ ਚੜ੍ਹਾਈ ਕਰਨ ’ਤੇ ਘਰ ਚਰਨ ਪਾਏ। ਫਿਰ ਸ੍ਰੀ ਸਤਿਗੁਰੂ ਜੀ ਨੇ ਸ. ਬਲਵਿੰਦਰ ਸਿੰਘ ਮੁਕਤਾ ਦੇ ਪਿਤਾ ਸ. ਜੀਤ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਬਲਕਾਰ ਸਿੰਘ ਦੇ ਚੜ੍ਹਾਈ ਕਰਨ ’ਤੇ ਘਰ ਚਰਨ ਪਾਉਣ ਦੀ ਕਿਰਪਾ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ। ਤਕਰੀਬਨ 10 ਵਜੇ ਮਸਤਾਨ ਗੜ੍ਹ ਤੋਂ ਚੱਲ ਕੇ ਰਾਜਸਥਾਨ ਦੇ ਸ਼ਹਿਰ ਭਾਦਰਾ ਵਿਖੇ ਸ. ਬਖਸ਼ੀਸ਼ ਸਿੰਘ, ਰਜਵੰਤ ਸਿੰਘ ਦੇ ਘਰ ਦਰਸ਼ਨ ਦਿੱਤੇ ਅਤੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਪਰਿਵਾਰ ਵੱਲੋਂ ਪਵਿੱਤਰ ਗੁਰਬਾਣੀ ਦੇ 7 ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਏ ਗਏ। 2 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, 1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਵਿੱਤਰ ਯਾਦ ਵਿਚ, 1 ਪਾਠ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਚੜਦੀ ਕਲਾ ਲਈ, 1 ਪਾਠ ਬੀਬੀ ਗੁਰਦਿਆਲ ਕੌਰ ਦੀ ਯਾਦ ਵਿੱਚ।

ਭਾਦਰਾ ਤੋਂ ਵਾਪਸੀ ਸਮੇਂ ਰਸਤੇ ਵਿੱਚ ਹੀ ਸੜਕ ’ਤੇ ਪਿੰਡ ਕਰਨਪੁਰੇ ਦੀ ਸਾਧ-ਸੰਗਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਵਿੱਚ ਖੜੀ ਪਾਤਸ਼ਾਹ ਜੀ ਨੂੰ ਉਡੀਕ ਰਹੀ ਸੀ। ਇੱਥੇ ਰੁਕ ਕੇ ਕਰਨਪੁਰੇ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ੍ਰੀ ਸਤਿਗੁਰੂ ਜੀ ਨੇ ਇੱਥੇ ਹੀ ਪਿੰਡ ਗੁਗਾਮੈੜੀ ਵਿਖੇ ਸੁਖਮੰਦਰ ਸਿੰਘ ਪੁੱਤਰ ਸਰਦਾਰ ਸੋਹਣ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਪਰਿਵਾਰ ਦਾ ਹਾਲ-ਚਾਲ ਪੁੱਛਿਆ। ਵਾਇਆ ਐਲਨਾਬਾਦ ਹੁੰਦੇ ਹੋਏ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ। ਇਥੇ ਮਸਤਾਨਗੜ੍ਹ ਵਿਖੇ ਹੀ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸ਼ਾਮ ਦਾ ਨਾਮ ਸਿਮਰਨ 6 ਵਜੇ ਤੋਂ 7 ਵਜੇ ਤੱਕ ਹੋਇਆ। ਨਾਮ ਸਿਮਰਨ ਦੀ ਸਮਾਪਤੀ ਤੋਂ ਬਾਅਦ ਵੱਡੀ ਗਿਣਤੀ ਵਿਚ ਜੁੜ ਬੈਠੀ ਸਾਧ-ਸੰਗਤ ਨੂੰ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ ਮਾਤਾ-ਪਿਤਾ ਬੱਚਿਆਂ ਨੂੰ ਅੰਮ੍ਰਿਤ ਵੇਲੇ ਉਠਾ ਕੇ ਸਣੇ ਕੇਸੀਂ ਇਸ਼ਨਾਨ ਕਰਵਾਇਆ ਕਰੋ ਅਤੇ ਨਾਮ ਸਿਮਰਨ ਕਰਵਾ ਕੇ ਗੁਰਸਿੱਖੀ ਨਾਲ ਜੋੜਨ ਦੀ ਕੋਸ਼ਿਸ਼ ਕਰੋ। ਉਪਰੰਤ ਰਾਗੀ ਸਿੰਘਾਂ ਨੇ ਪਿਛਲੇ ਪਹਿਰ ਦਾ ਸ਼ਬਦ ਪੜ੍ਹਿਆ।

**3 ਅਗਸਤ 2021** ਦਿਨ ਮੰਗਲਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਸਰਮੁਖ ਸਿੰਘ ਤੇ ਸ਼ਾਮ ਸਿੰਘ ਨੇ ਸੰਤ ਨਗਰ ਵਿਖੇ ਪ੍ਰਤਾਪ ਮੰਦਰ ਵਿੱਚ ਕੀਤਾ। ਸਮਾਪਤੀ ਸਮੇਂ ਵਾਰਸ਼ਿਕ ਸੰਮੇਲਨ ਦੇ ਜੇਤੂ ਬੱਚਿਆਂ ਨੂੰ ਇਨਾਮ ਸ੍ਰੀ ਸਤਿਗੁਰੂ ਜੀ ਦੇ ਕਰ-ਕਮਲਾਂ ਦੁਆਰਾ ਦਿੱਤੇ ਗਏ। ਇੱਥੇ ਹੀ ਸ੍ਰੀ ਸਤਿਗੁਰੂ ਜੀ ਨੇ ਸੇਠ ਜੈਮਲ

ਸਿੰਘ ਦੇ ਸਪੁੱਤਰ ਹਰਵਿੰਦਰ ਸਿੰਘ, ਸੁਰਿੰਦਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਦੀਦਾਰ ਸਿੰਘ ਦੇ ਪਿਤਾ ਸ. ਸੰਤੋਖ ਸਿੰਘ ਨੂੰ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਫਿਰ ਸੰਤਨਗਰ ਵਿਖੇ ਸ. ਬਘੇਲ ਸਿੰਘ, ਕਰਨੈਲ ਸਿੰਘ, ਗੁਰਚਰਨ ਸਿੰਘ, ਜਸਵੰਤ ਸਿੰਘ, ਬੇਅੰਤ ਸਿੰਘ, ਸੁਰਜੀਤ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਭੜੋਲਿਆਂ ਵਾਲੀ ਸ. ਰਛਪਾਲ ਸਿੰਘ ਘੁੱਦਾਂਵਾਲੇ, ਗੁਰਮੀਤ ਸਿੰਘ ਪੁੱਤਰ ਸ. ਹਰਚੰਦ ਸਿੰਘ ਦੇ ਘਰ ਚਰਨ ਪਾਏ। ਸੰਤਨਗਰ ਵਿਖੇ ਗੁਰਬਖਸ਼ ਸਿੰਘ ਬਖਸ਼ੀ ਅਤੇ ਸੁਖਵੰਤ ਸਿੰਘ ਮਿਸਤਰੀ ਦੀ ਸਿੰਘਣੀ ਦੇ ਚੜ੍ਹਾਈ ਕਰਨ ’ਤੇ ਉਹਨਾਂ ਦੇ ਪਰਿਵਾਰਾਂ ਨੂੰ ਦਰਸ਼ਨ ਦਿੱਤੇ। ਸ. ਰਣਧੀਰ ਸਿੰਘ ਫੋਟੋਗ੍ਰਾਫਰ ਦੀ ਦੁਕਾਨ ’ਤੇ ਚਰਨ ਪਾਏ। ਭਜਨ ਸਿੰਘ ਦੇ ਘਰ ਦਰਸ਼ਨ ਦਿੱਤੇ। ਸ੍ਰੀ ਜੀਵਨ ਨਗਰ ਸ. ਪ੍ਰੀਤਮ ਸਿੰਘ ਡਰਾਇਵਰ ਦੀ ਸਿੰਘਣੀ ਨੂੰ ਦਰਸ਼ਨ ਦਿੱਤੇ। ਇਸੇ ਤਰ੍ਹਾਂ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਨਿਵਾਜਦੇ ਹੋਏ ਵਾਪਸ ਮਸਤਾਨਗੜ੍ਹ ਆਣ ਪਹੁੰਚੇ। ਅੱਜ ਮਸਤਾਨ ਗੜ੍ਹ ਵਿਖੇ ਹੀ ਸ਼ਾਮ ਦਾ ਨਾਮ ਸਿਮਰਨ 6 ਵਜੇ ਤੋਂ 7 ਵਜੇ ਤੱਕ ਹੋਇਆ। ਸ਼ਾਮ ਦੇ ਕੀਰਤਨ ਵਿੱਚ ਸ਼ਬਦ ਸ੍ਰੀ ਸਤਿਗੁਰੂ ਦੇ ਹਜ਼ੂਰ ਰਾਗੀ ਸਿੰਘਾਂ ਸਰਮੁਖ ਸਿੰਘ ਅਤੇ ਸ਼ਾਮ ਸਿੰਘ ਨੇ ਸ਼ਬਦ ਪੜ੍ਹਿਆ, 'ਸਾਹਿਬ ਮੇਰਾ ਮਿਹਰਬਾਨ' ਮਸਤਾਨ ਗੜ੍ਹ ਵਿਖੇ ਹੀ ਰਾਤ ਰੁਕ ਵਿਸ਼ਰਾਮ ਕੀਤਾ।

**4 ਅਗਸਤ 2021** ਦਿਨ ਬੁੱਧਵਾਰ ਅੱਜ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਪਿੰਡ ਕਰੀਵਾਲਾ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਸਰਮੁਖ ਸਿੰਘ, ਸ਼ਾਮ ਸਿੰਘ ਅਤੇ ਲਵਪ੍ਰੀਤ ਸਿੰਘ ਨੇ ਕੀਤਾ। ਭੋਗ ਉਪਰੰਤ ਕੁਝ ਸਰੀਰਾਂ ਦੀਆਂ ਅਰਜ਼ਾਂ ਬੇਨਤੀਆਂ ਸ੍ਰੀ ਸਤਿਗੁਰੂ ਜੀ ਨੇ ਸੁਣੀਆਂ। ਸ੍ਰੀ ਸਤਿਗੁਰੂ ਜੀ ਨੇ ਪਿੰਡ ਕਰੀਵਾਲਾ ਵਿਖੇ ਕੁਝ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਬਲਕਾਰ ਸਿੰਘ ਪੁੱਤਰ ਹਜ਼ਾਰਾ ਸਿੰਘ, ਅਜ਼ਾਦ ਸਿੰਘ ਪੁੱਤਰ ਰਵੇਲ ਸਿੰਘ, ਬਲਬੀਰ ਸਿੰਘ ਮਿਸਤਰੀ ਦੇ ਘਰਾਂ ਵਿੱਚ ਚਰਨ ਪਾਉਣ ਤੋਂ ਬਾਅਦ ਸ. ਕਸਮੀਰ ਸਿੰਘ ਮੈਡੀਕਲ ਵਾਲੇ ਦੀ ਮਾਤਾ ਦੇ ਚੜ੍ਹਾਈ ਕਰਨ ’ਤੇ ਸ. ਕੁਲਵੰਤ ਸਿੰਘ ਮਸੂਰੀਆਂ ਦੇ ਚੜ੍ਹਾਈ ਕਰਨ ’ਤੇ ਸ. ਬਲਕਾਰ ਸਿੰਘ, ਬਲਦੇਵ ਸਿੰਘ ਦੇ ਚੜ੍ਹਾਈ ਕਰਨ ’ਤੇ ਪਰਿਵਾਰਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਵਰਿਆਮ ਸਿੰਘ ਮਹੰਤ, ਸਰਵਣ ਸਿੰਘ ਮਹੰਤ, ਗੁਰਮੀਤ ਸਿੰਘ ਦੇ ਲੜਕੇ ਵੀਰ ਪ੍ਰਤਾਪ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਫਿਰ ਸ੍ਰੀ ਸਤਿਗੁਰੂ ਜੀ ਨੇ ਮੁਖਤਿਆਰ ਸਿੰਘ, ਬੂਟਾ ਸਿੰਘ, ਪੰਜਾਬ ਸਿੰਘ, ਗੁਰਨਾਮ ਸਿੰਘ, ਗੁਲਾਬ ਸਿੰਘ ਸਾਰੇ ਮਹੰਤਾਂ ਦੇ ਪਰਿਵਾਰਾਂ ਦੇ ਅਰਜ਼ ਕਰਨ ਤੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਗੁਲਾਬ ਸਿੰਘ, ਪੰਜਾਬ ਸਿੰਘ ਪੁੱਤਰ ਸਰਦਾਰ ਭੇਜ ਸਿੰਘ ਦੇ ਘਰ ਚਰਨ ਪਾਉਣ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਪਿੰਡ ਵਣੀ ਵਿਖੇ ਸ. ਸੁਰਜੀਤ ਸਿੰਘ ਸੰਧੂ ਦੇ ਸੰਧੂ ਸਰਵਿਸ ਸਟੇਸ਼ਨ ’ਤੇ ਚਰਨ ਪਾਉਣ ਦੀ ਕਿਰਪਾ ਕੀਤੀ। ਇਹ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਲਾਂਗਰੀ ਸ. ਰਣਜੀਤ ਸਿੰਘ ਦਾ ਛੋਟਾ ਭਰਾ ਹੈ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਸ. ਗੁਰਪਾਲ ਸਿੰਘ ਪੁੱਤਰ ਮੇਜਰ ਸਿੰਘ ਦੇ ਘਰ ਦਰਸ਼ਨ ਦਿੱਤੇ। ਵਾਪਸੀ ਸਮੇਂ ਪਿੰਡ ਸਰਮਪੁਰੇ ਸ. ਰਘਬੀਰ ਸਿੰਘ ਨੂੰ ਦਰਸ਼ਨ ਦਿੱਤੇ ਅਤੇ ਸਰਦਾਰਾ ਸਿੰਘ ਸਰਪੰਚ ਦੇ ਘਰ ਚਰਨ ਪਾਉਣ ਤੋਂ ਬਾਅਦ ਸ. ਰਘਬੀਰ ਸਿੰਘ ਦੇ ਘਰ ਦਰਸ਼ਨ ਦਿੱਤੇ। ਇੱਥੋਂ ਹੀ ਵਾਪਸ ਮਸਤਾਨ ਗੜ੍ਹ ਆਣ ਪ੍ਰਸ਼ਾਦ ਪਾਣੀ ਛਕਿਆ।

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ ਅਤੇ ਰਸਤੇ ਵਿਚ ਡੱਬਵਾਲੀ ਵਿਖੇ ਸ. ਇੱਕਉਂਕਾਰ ਸਿੰਘ ਦੇ ਅਰਜ਼ ਕਰਨ ’ਤੇ ਸ੍ਰੀ ਸਤਿਗੁਰੂ ਜੀ ਨੇ ਡੱਬਵਾਲੀ ਵਿਚ ਸ. ਇਕਉਂਕਾਰ ਸਿੰਘ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ ਅਤੇ ਸ਼ੀਤਲ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਇਕਉਂਕਾਰ ਸਿੰਘ ਦੇ ਸਪੁੱਤਰ ਕਾਕਾ ਏਕਮ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਡੱਬਵਾਲੀ ਤੋਂ ਚੱਲ ਕੇ ਵਾਇਆ ਬਠਿੰਡਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਪਿੰਡ ਮਾਈਸਰਖਾਨਾ ਵਿਖੇ ਦਰਸ਼ਨ ਦਿੱਤੇ। ਸਰਪੰਚ ਗੁਰਦਿੱਤਾ ਸਿੰਘ, ਸੂਬਾ ਬਲਜੀਤ ਸਿੰਘ ਮਾਨਸਾ ਅਤੇ ਇਲਾਕੇ ਦੀ ਸਾਧ ਸੰਗਤ ਨੇ ਨਵੀਂ ਜਗ੍ਹਾ ਦੀ ਚਾਰਦੀਵਾਰੀ ਦਾ ਕੰਮ ਆਰੰਭ ਕੀਤਾ ਹੋਇਆ ਹੈ। ਸ੍ਰੀ ਸਤਿਗੁਰੂ ਜੀ ਨੇ ਇਸ ਜਗ੍ਹਾ ’ਤੇ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਬਾਰਿਸ਼ ਹੋਣ ਕਾਰਨ ਸਾਧ ਸੰਗਤ ਸਰਪੰਚ ਗੁਰਾਦਿੱਤਾ ਸਿੰਘ ਦੇ ਘਰ ਇਕੱਠੀ ਹੋਈ-ਹੋਈ ਸੀ। ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਘਰੇ ਜਾ ਕੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਕੱਠੀ ਹੋਈ ਸਾਧ ਸੰਗਤ ਨੂੰ ਸ੍ਰੀ ਸਤਿਗੁਰੂ ਜੀ ਨੇ ਨਾਮ ਸਿਮਰਨ ਕਰਨ ਤੇ ਅੰਮ੍ਰਿਤ ਵੇਲੇ ਸਣੇਕੇਸੀ ਇਸ਼ਨਾਨ ਕਰਨ ਦਾ ਉਚੇਚੇ ਤੌਰ 'ਤੇ ਹੁਕਮ ਕੀਤਾ। ਮਾਈਸਰਖਾਨੇ ਤੋਂ ਚੱਲ ਕੇ ਵਾਇਆ ਰਾਮਪੁਰਾ ਫੂਲ, ਬਰਨਾਲਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਲੁਧਿਆਣਾ ਵਿਖੇ ਬੁੱਢੇ ਨਾਲੇ ਦੇ ਚੱਲ ਰਹੇ ਕੰਮ-ਕਾਜ ਦਾ ਸਰਵੇ ਕੀਤਾ। ਇੱਥੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**

# ਸੰਤ ਮੁਖਤਿਆਰ ਸਿੰਘ ਜੀ ਮਿਰਜ਼ਾਪੁਰੀਏ ਨਹੀਂ ਰਹੇ।



ਸੰਤ ਮੁਖਤਿਆਰ ਸਿੰਘ ਜੀ
01-01-1935 26-08-2020

ਸੰਤ ਮੁਖਤਿਆਰ ਸਿੰਘ ਜੀ ਨੂੰ 'ਸੰਤ' ਜੀ ਦਾ ਖਿਤਾਬ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਖਸ਼ਿਆ। ਇਹਨਾ ਦਾ ਪਿਤਾ ਸੰਤ ਜਗਤ ਸਿੰਘ ਜੀ, ਜਿਹਨਾਂ ਦਾ ਨਗਰ ਮੁਹਾਵਾ ਜ਼ਿਲ੍ਹਾ ਅੰਮ੍ਰਿਤਸਰ ਸੀ। ਜਗਤ ਸਿੰਘ ਦਾ ਪਿਤਾ ਨਿਹਾਲ ਸਿੰਘ ਗੁਰੂ ਹਰੀ ਸਿੰਘ ਜੀ ਦੇ ਸਮੇਂ ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਦੀ ਛੁਹ ਨਾਲ ਨਾਮਧਾਰੀ ਸਜਿਆ ਸੀ। ਜਗਤ ਸਿੰਘ ਦੇ ਸਹੁਰੇ ਖਿਆਲਾਂ ਢੋਟੀਆਂ, (ਜ਼ਿਲ੍ਹਾ ਲਾਇਲਪੁਰ) ਵਿਖੇ ਰਹਿੰਦੇ ਸਨ। ਉਹਨਾਂ ਦਾ ਕੋਈ ਲੜਕਾ ਨਹੀਂ ਸੀ ਸਿਰਫ਼ ਪੁੱਤਰੀ ਬਸੰਤ ਕੌਰ ਜਗਤ ਸਿੰਘ ਨਾਲ ਵਿਆਹੀ ਹੋਈ ਸੀ। ਇਸ ਲਈ ਵਿਆਹ ਤੋਂ ਛੇਤੀ ਬਾਅਦ ਹੀ ਜਗਤ ਸਿੰਘ ਅਤੇ ਉਸ ਦੀ ਧਰਮ ਪਤਨੀ ਖਿਹਾਲੇ ਬਾਰ ਵਿਚ ਰਹਿਕੇ ਆਪਣੀ ਕਿਰਤ ਕਰਨ ਲੱਗ ਪਏ। ਪਿੰਡ ਵਿਚ ਦੁਕਾਨ ਸੀ ਅਤੇ ਵਪਾਰ ਵੀ ਕਰਦੇ ਸਨ। ਇਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਰ ਵਰ੍ਹੇ ਕਈ-ਕਈ ਦਿਨ ਖਿਆਲਾ, ਢੋਟੀਆਂ ਜਿਥੇ ਅਪਣਾ ਦੌਰਾ ਰੋਕ ਕੇ ਸੁਬਹਾ ਸ਼ਾਮ ਨਾਮ ਬਾਣੀ, ਕਥਾ ਕੀਰਤਨ ਦਾ ਪ੍ਰਵਾਹ ਚਲਾਇਆ ਕਰਦੇ ਸਨ। ਨਾਮਧਾਰੀ ਸਾਧੂ-ਸੰਤ, ਜਥੇਦਾਰ, ਪ੍ਰਚਾਰਕ ਸਾਰਾ ਵਰ੍ਹਾ ਇਸ ਨਗਰ ਵਿਚ ਆਉਂਦੇ ਜਾਂਦੇ ਅਤੇ ਗੁਰਸਿੱਖੀ ਵਿੱਚ ਸੰਗਤ ਨੂੰ ਪਰਪੱਕ ਕਰਦੇ।

ਸੰਤ ਜਗਤ ਸਿੰਘ ਅਤੇ ਬੀਬੀ ਬਸੰਤ ਕੌਰ ਜੋ ਅੱਠੇ ਪਹਿਰ, ਨਾਮ ਬਾਣੀ ਦੇ ਰੰਗ ਵਿਚ ਰੰਗੇ ਰਹਿੰਦੇ ਉਹਨਾਂ ਦੇ ਘਰ 1 ਜਨਵਰੀ 1935 ਈ. ਨੂੰ ਜਿਹੜਾ ਬਾਲ ਜਨਮਿਆ ਉਸ ਦਾ ਨਾਮ ਮੁਖਤਿਆਰ ਸਿੰਘ ਰੱਖਿਆ ਗਿਆ। ਮੁਖਤਿਆਰ ਸਿੰਘ ਤੋਂ ਵੱਡੇ ਭਾਈ ਪਿਆਰਾ ਸਿੰਘ ਅਤੇ ਤਿੰਨ ਭੈਣਾਂ ਬੀਬੀ ਤਾਰੋ, ਸਵਰਨ ਕੌਰ ਅਤੇ ਚਰਨ ਕੌਰ ਸਨ। ਇਹਨਾ ਪੰਜਾਂ ਵਿਚੋਂ ਚਰਨ ਕੌਰ ਹੀ ਜੀਵਤ ਹੈ ਅਤੇ ਇਹਨਾਂ ਸਾਰੇ ਭੈਣਾਂ-ਭਰਾਵਾਂ ਦੇ ਪਰਿਵਾਰ ਸੰਤ ਨਗਰ ਹੀ ਵੱਸਦੇ ਹਨ।

ਸਾਰੇ ਭੈਣਾਂ-ਭਰਾਵਾਂ ਵਿਚੋਂ ਛੋਟਾ ਮੁਖਤਿਆਰ ਸਿੰਘ ਜ਼ਹੀਨ ਬੁੱਧ ਹੋਣ ਕਾਰਨ, ਸਕੂਲੇ ਪੜ੍ਹਨੇ ਪਾਇਆ ਗਿਆ, ਪਿੰਡ ਵਿੱਚ ਹੀ। ਚੌਥੀ ਵਿਚ ਪੜ੍ਹਦਾ ਸੀ ਜਦੋਂ ਦੇਸ਼ ਦਾ ਬਟਵਾਰਾ ਹੋ ਗਿਆ। ਗੁਰਮੁਖੀ ਅਤੇ ਉਰਦੂ ਦਾ ਅੱਖਰ ਗਿਆਨ ਹੋ ਗਿਆ ਸੀ। ਰਸਤੇ ਵਿੱਚ ਆਉਂਦਿਆਂ ਪਿਤਾ ਜਗਤ ਸਿੰਘ ਭਿੱਖੀਵਿੰਡ ਵਿਖੇ ਅਕਾਲ ਚਲਾਣਾ ਕਰ ਗਿਆ। ਜਿਸ ਤਰ੍ਹਾਂ ਹੋਰ ਨਾਮਧਾਰੀ, ਹਿਸਾਰ ਦੀ ਸਿਰਸਾ ਤਹਿਸੀਲ ਦੇ ਚਚਾਲ ਕੋਠੀ (ਹੁਣ ਜੀਵਨ ਨਗਰ) ਇਲਾਕੇ ਵਿਚ ਆ ਰਹੀ ਸੀ, ਇਹਨਾਂ ਦਾ ਪਰਿਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ 'ਤੇ ਘੱਗਰ ਨਾਲੀ ਦੇ ਦੱਖਣ ਕੰਢੇ, ਮਿਰਜ਼ਾਪੁਰ ਵਿਚ ਆ ਟਿਕਿਆ।

ਮਿਰਜ਼ਾਪੁਰ ਵਿਚ ਦੋਵੇਂ ਭਰਾ ਜ਼ਮੀਨ ਬਟਾਈ ਤੇ ਲੈ ਕੇ 10 ਸਾਲ ਖੇਤੀਬਾੜੀ ਕਰਦੇ ਰਹੇ। ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹਨਾਂ ਦੋਹਾਂ ਨੂੰ ਚਾਰ ਏਕੜ ਜ਼ਮੀਨ ਪਿੰਡ ਦੀ ਨਿਆਈਂ ਵਿਚ ਨਹਿਰੀ ਪਾਣੀ ਵਾਲੀ ਦੇ ਕੇ ਇਹਨਾਂ ਨੂੰ ਸੰਤ ਨਗਰ ਲਿਆ ਕੇ ਡੇਰਾ ਪਾ ਦਿੱਤਾ। ਇਸੇ ਕਰਕੇ ਸੰਤ ਜੀ ਨੂੰ ਸੰਗਤ, ਮੁਖਤਿਆਰ ਸਿੰਘ ਮਿਰਜ਼ਾਪੁਰੀਆ ਦੇ ਨਾਮ ਨਾਲ ਯਾਦ ਕਰਦੀ ਸੀ। ਇਥੇ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੋਏ 1958 ਈ. ਦੇ ਹੋਲੇ-ਮਹੱਲੇ ਸਮੇਂ ਇਹਨਾਂ ਦਾ ਅਨੰਦ, ਸੰਤ ਨਗਰ ਵਿਖੇ ਬੀਬੀ ਪ੍ਰਕਾਸ਼ ਕੌਰ ਪੁੱਤਰੀ ਕਰਮ ਸਿੰਘ ਬੀਕਾਨੇਰੀਏ ਨਾਲ ਹੋਇਆ। ਸੰਤਾਨ ਵਜੋਂ ਲੜਕਾ ਨਿਰੰਜਣ ਸਿੰਘ ਅਤੇ ਚਾਰ ਪੁੱਤਰੀਆਂ ਕਰਮਵਾਰ ਕਸ਼ਮੀਰ ਕੌਰ, ਛਿੰਦਰ ਕੌਰ, ਰਾਜ ਕੌਰ ਅਤੇ ਵੀਰ ਪਾਲ ਕੌਰ ਹਨ।

ਸੰਤ ਜਗਤ ਸਿੰਘ ਲਾਇਲਪੁਰ ਦੇ ਜ਼ਿਲ੍ਹੇ ਵਿੱਚ ਹਰ ਛਿਮਾਹੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਉਗਰਾਹੀ ਵੀ ਕਰਵਾਇਆ ਕਰਦੇ ਸਨ ਅਤੇ ਆਪਣੀ ਕਮਾਈ ਵਿੱਚੋਂ ਹਰ ਸਾਲ ਦਸਵੰਧ ਵੀ ਗੁਰੂ ਕੇ ਲੰਗਰ ਵਿੱਚ ਭੇਜਦੇ ਸਨ। ਇਸੇ ਪ੍ਰੰਪਰਾ ਨੂੰ ਅੱਗੇ ਤੋਰਦਿਆਂ, ਮੁਖਤਿਆਰ ਸਿੰਘ ਜੀ ਨੇ ਵੀ ਸਾਰੀ ਉਮਰ ਦਸਵੰਧ ਦਿੱਤਾ ਨਾ ਸਿਰਫ਼ ਖੇਤੀ ਉਪਜ ਵਿਚੋਂ ਹੀ 26 ਏਕੜ ਭੂਮੀ ਮਿਹਨਤ ਕਰਦਿਆਂ ਬਣਾਈ, ਸਗੋਂ ਜੇ ਮੱਝਾਂ ਨੇ 10 ਕੱਟੀਆਂ ਦਿਤੀਆਂ ਤਾਂ ਗਿਆਰ੍ਹਵੀਂ ਦਸਵੰਧ ਵਿੱਚ ਭੇਜੀ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਪੰਜ-ਸੱਤ ਸਾਲ ਆਪਣੇ ਇਲਾਕੇ ਵਿਚ ਗੁਰੂ ਕੇ ਲੰਗਰ ਦੀ ਉਗਰਾਹੀ ਵੀ ਕੀਤੀ। ਸੰਨ 1998 ਈ. ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਪਹਿਲਾਂ ਵਾਲੇ ਗੁਰਦੁਆਰੇ ਵਿਖੇ ਕਈ ਸਾਲ

ਜਪ ਪ੍ਰਯੋਗ ਵਿਚ ਹਿੱਸਾ ਲਿਆ ਅਤੇ ਫਿਰ ਹੁਕਮ ਅਨੁਸਾਰ ਪ੍ਰਤਾਪ ਮੰਦਰ ਵਿੱਚ ਸ਼ਾਮਲ ਹੁੰਦੇ ਰਹੇ। ਕੜਾਹ ਪ੍ਰਸ਼ਾਦ ਬਣਾਉਣ ਦੀ ਸੇਵਾ ਵੀ ਬਹੁਤ ਸਮਾਂ ਸੁਘੜਤਾ ਨਾਲ ਨਿਭਾਈ। ਸਿੱਖਾਂ ਦੇ ਘਰਾਂ ਵਿਚ ਹਵਨ, ਪਾਠ, ਵਰਨੀਆਂ ਵਿੱਚ ਪ੍ਰੇਮ ਅਤੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਸਨ। ਜਪੁਜੀ ਸਾਹਿਬ, ਜਾਪ ਸਾਹਿਬ, ਦੋਹਾਂ ਦੇ ਸ਼ਬਦ ਹਜਾਰੇ, ਆਸਾ ਦੀ ਵਾਰ, ਸੁਖਮਨੀ ਸਾਹਿਬ, ਰਹਿਰਾਸ, ਕੀਰਤਨ ਸੋਹਿਲਾ ਬਾਣੀਆਂ ਦੇ ਰੋਜ਼ ਨਿੱਤਨੇਮੀ ਸਨ ਅਤੇ ਕੰਠਾਗਰ ਵੀ ਹੋ ਗਈਆਂ ਸਨ। ਨਾਮ ਬਾਣੀ ਅਤੇ ਸੇਵਾ ਦੀ ਵਿਨਮਰ ਮੂਰਤੀ ਇਹ ਸੰਤ ਜੀ 26 ਨਵੰਬਰ 2020 ਈ. ਨੂੰ ਸੰਤ ਨਗਰ ਵਿਖੇ ਹੁਕਮ ਸੱਤ ਹੋ ਗਏ ਸਨ। ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਪ੍ਰਤਾਪ ਮੰਦਰ ਵਿੱਚ ਭੋਗ ਪਾਇਆ ਗਿਆ।

**ਸੁਵਰਨ ਸਿੰਘ ਵਿਰਕ**

.......................................................

## ਸ੍ਰੀ ਸਤਿਗੁਰੂ ਜੀ ਦਾ ਹਿਮਾਚਲ ਪ੍ਰਦੇਸ਼ ਦਾ ਦੌਰਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬਖਸ਼ਿਸ਼ ਕਿਰਪਾ ਕਰ ਕੇ 7 ਅਗਸਤ ਸ਼ਾਮ ਨੂੰ ਸੇਵਕਾਂ ਤੇ ਹਜ਼ੂਰੀ ਰਾਗੀਆਂ ਸਮੇਤ ਸੁੰਦਰ ਨਗਰ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ਼ਾਮ ਦਾ ਪ੍ਰੋਗਰਾਮ ਨਾਮਧਾਰੀ ਧਰਮਸ਼ਾਲਾ ਸੁੰਦਰਨਗਰ ਵਿਖੇ ਹੀ 6 ਤੋਂ 7 ਨਾਮ ਸਿਮਰਨ ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ ਨੇ ਸਾਥੀਆਂ ਸਮੇਤ ਕੀਤਾ। ਕੀਰਤਨ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਵਿੱਦਿਅਕ ਸੰਮੇਲਨ ਆਨਲਾਈਨ ਜੋ ਸ੍ਰੀ ਭੈਣੀ ਸਾਹਿਬ ਹੋਇਆ ਸੀ, ਦੇ ਜੇਤੂ ਬੱਚਿਆਂ ਨੂੰ ਇਨਾਮ ਦੇਣ ਦੀ ਕਿਰਪਾ ਕੀਤੀ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਸੇਵਕਾਂ ਸਮੇਤ , ਰਾਗੀਆਂ ਦੇ ਨਾਲ ਮੰਡੀ ਵਾਸਤੇ ਚਾਲੇ ਪਾ ਦਿੱਤੇ। ਰਸਤੇ ਵਿੱਚ ਸੰਤ ਅਮਰੀਕ ਸਿੰਘ ਦੀ ਦੁਕਾਨ ਵਿੱਚ ਚਰਨ ਪਾ ਕੇ ਮੰਡੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਵਾਸ ਅਸਥਾਨ ਵਿਖੇ ਦਰਸ਼ਨ ਦਿੱਤੇ। ਸੇਵਕਾਂ ਸਮੇਤ ਉਥੇ ਹੀ ਰਾਤ ਆਰਾਮ ਕੀਤਾ। 8 ਅਗਸਤ ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸਕੂਲ ਬਾਜ਼ਾਰ ਨਾਮਧਾਰੀ ਧਰਮਸ਼ਾਲਾ ਵਿਖੇ ਹੀ ਹੋਇਆ। ਆਸਾ ਦੀ ਵਾਰ ਤੋਂ ਬਾਅਦ ਸੰਤ ਰਤਨ ਸਿੰਘ ਦੇ ਘਰ ਪ੍ਰਸ਼ਾਦਾ ਛਕ ਕੇ ਬੀਬੀ ਹਰਪਾਲ ਕੌਰ ਅਲੌੜ, ਸੰਤ ਨਿਰਮਲ ਸਿੰਘ ਭੇਲਾ, ਸੰਤ ਗੁਰਦੇਵ ਸਿੰਘ, ਸੰਤ ਭਰਪੂਰ ਸਿੰਘ, ਸੰਤ ਜਗਦੇਵ ਸਿੰਘ ਅਤੇ ਦਰਸ਼ਨਪਾਲ ਅਰੋੜਾ ਜੀ ਦੇ ਘਰ ਚਰਨ ਪਾ ਨਿਵਾਸ ਅਸਥਾਨ ਜਾ, ਆਰਾਮ ਕੀਤਾ।

ਦਿਨ ਨੂੰ 11 ਵਜੇ ਦੇ ਕਰੀਬ ਨੌਜਵਾਨਾਂ ਨਾਲ ਰੂ-ਬ-ਰੂ ਹੋ ਬਚਨ ਬਿਲਾਸ ਕੀਤੇ। ਬਾਅਦ ਵਿਚ ਸੱਚੇ ਪਾਤਸ਼ਾਹ ਆਪਣੇ ਫਾਰਮ ਪੌੜੀ ਨਾਂ ਦੀ ਜਗ੍ਹਾ ਗਏ ਤੇ ਵਾਪਸੀ ਤੇ ਸੰਤ ਹਰੀ ਸਿੰਘ, ਸੰਤ ਅਜੈਪਾਲ ਸਿੰਘ, ਸੰਤ ਭਗਵੰਤ ਸਿੰਘ, ਸੰਤ ਗੁਰਦੇਵ ਸਿੰਘ, ਸੰਤ ਸੁਖਵਿੰਦਰ ਸਿੰਘ, ਸੰਤ ਅਕਾਲ ਨਾਮਦੀਪ ਸਿੰਘ ਬਿੱਕੂ, ਸੰਤ ਗੁਰਮੁਖ ਸਿੰਘ, ਸੰਤ ਸਵਰਨ ਸਿੰਘ ਤੇ ਡਾ. ਜੈ ਇੰਦਰਪਾਲ ਸਿੰਘ ਦੇ ਘਰ ਚਰਨ ਪਾ ਕੇ ਨਿਵਾਸ ਅਸਥਾਨ ਕਲੇਰ ਵਿਖੇ ਆ ਗਏ। ਸ਼ਾਮ ਦਾ ਨਿਤਨੇਮ ਨਾਮਧਾਰੀ ਧਰਮਸ਼ਾਲਾ ਸਕੂਲ ਬਾਜ਼ਾਰ ਹੀ 6 ਤੋਂ 7 ਤੱਕ ਹੋਇਆ।

ਆਸਾ ਦੀ ਵਾਰ ਤੋਂ ਬਾਅਦ ਸੱਚੇ ਪਾਤਸ਼ਾਹ ਜੀ ਸੇਵਕਾਂ ਅਤੇ ਮੰਡੀ ਤੋਂ ਹੋਰ ਨੌਜਵਾਨਾਂ ਨਾਲ ਮਨਾਲੀ, ਕੇਲਾਂਗ ਤੋਂ ਅੱਗੇ 'ਏ-ਜਿਸਪਾ' ਨਾਂ ਦੀ ਜਗ੍ਹਾ 'ਤੇ ਜਾ ਰਾਤ ਆਰਾਮ ਕੀਤਾ।

ਸਵੇਰ ਦਾ ਪ੍ਰੋਗਰਾਮ 'ਏ-ਜਿਸਪਾ' ਹੀ ਹੋਇਆ। ਬੁੱਧਵਾਰ ਸ਼ਾਮ ਨੂੰ ਮੰਡੀ ਨਿਵਾਸ ਸਥਾਨ 'ਤੇ ਦਰਸ਼ਨ ਦੇ ਕੇ ਸ਼ਾਮ ਨੂੰ 6 ਤੋਂ 7 ਨਾਮ ਸਿਮਰਨ ਵਿੱਚ ਦਰਸ਼ਨ ਦਿੱਤੇ। ਨਿਤਨੇਮ ਤੋਂ ਬਾਅਦ ਕੀਰਤਨ ਹੋਇਆ। ਕੀਰਤਨ ਤੋਂ ਬਾਅਦ ਨੌਜਵਾਨ ਸੇਵਕਾਂ ਦੇ ਨਾਮ ਐਲਾਨ ਕੀਤੇ ਗਏ, ਜੋ ਕਿ ਇਸ ਪ੍ਰਕਾਰ ਹਨ-

ਸੰਤ ਸਵਰਨ ਸਿੰਘ, ਸੰਤ ਮਹਿੰਦਰ ਸਿੰਘ, ਸੰਤ ਗੁਰਪ੍ਰੀਤ ਸਿੰਘ, ਸੰਤ ਅਵਨਿੰਦਰ ਸਿੰਘ, ਸੰਤ ਰਾਜਾ ਸਿੰਘ, ਸੰਤ ਰਵਿੰਦਰਪਾਲ ਸਿੰਘ, ਸੰਤ ਸੁਖਦੇਵ ਸਿੰਘ, ਸੰਤ ਗੋਬਿੰਦ ਸਿੰਘ, ਸੰਤ ਜੱਸਾ ਸਿੰਘ ਅਤੇ ਸੰਤ ਜਸਪ੍ਰੀਤ ਸਿੰਘ।

ਵੀਰਵਾਰ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਨਿਵਾਸ ਅਸਥਾਨ ਕਲੇਰ ਵਿਖੇ ਹੀ ਚਾਰ ਤੋਂ ਸਾਢੇ ਪੰਜ ਵਜੇ ਤੱਕ ਹੋਇਆ। ਲੰਗਰ ਛਕ, ਅਰਾਮ ਕਰ ਸ੍ਰੀ ਸਤਿਗੁਰੂ ਜੀ ਸੇਵਕਾਂ ਸਮੇਤ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾ ਦਿੱਤੇ।

ਜਾਂਦਿਆਂ ਹੋਇਆਂ ਮੰਡੀ ਸੰਤ ਮਨਜੀਤ ਸਿੰਘ ਤੇ ਸੰਤ ਪ੍ਰਿਤਪਾਲ ਸਿੰਘ ਦੇ ਘਰ ਚਰਨ ਪਾ, ਨੇਰ ਚੌਂਕ ਸੰਤ ਗੁਰਦਿਆਲ ਸਿੰਘ, ਸੰਤ ਮਨਜੀਤ ਸਿੰਘ ਦੇ ਘਰ ਚਰਨ ਪਾ ਕੇ ਸ੍ਰੀ ਭੈਣੀ ਸਾਹਿਬ ਜਾ ਦਰਸ਼ਨ ਦਿੱਤੇ।

**ਸਵਰਨ ਸਿੰਘ ਮੰਡੀ**

.......................................................

## ਸਰਕਾਰ ਵਲੋਂ ਪਿੰਡ ਦੇ ਸਕੂਲ ਦਾ ਨਾਮ ਨਾਮਧਾਰੀ ਸ਼ਹੀਦ ਦੇ ਨਾਮ 'ਤੇ ਰੱਖਿਆ ਗਿਆ

**13-8-2021** ਅੰਮ੍ਰਿਤਸਰ- ਹਾਜਰਾ ਹਜੂਰ ਗਰੀਬ ਨਿਵਾਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਰਹਿਨੁਮਾਈ, ਕ੍ਰਿਪਾ ਬਖਸ਼ਿਸ਼ ਸਦਕਾ ਅਤੇ ਸੰਤ ਸੁਰਿੰਦਰ ਸਿੰਘ ਨਾਮਧਾਰੀ (ਲੁਧਿਆਣਾ) ਦੇ ਸੁਚੱਜੇ ਯਤਨਾਂ ਸਦਕਾ ਪੰਜਾਬ ਸਰਕਾਰ ਵੱਲੋਂ ਨਾਮਧਾਰੀ ਸ਼ਹੀਦੀ ਸਾਕਾ ਅੰਮ੍ਰਿਤਸਰ ਦੇ ਸ਼ਹੀਦ ਸੰਤ ਹਾਕਮ ਸਿੰਘ ਦੇ ਪਿੰਡ ਮੌੜੇ ਬਲਾਕ ਚੋਗਾਵਾਂ ਦੇ




ਸਰਕਾਰੀ ਮਿਡਲ ਸਕੂਲ ਦਾ ਨਾਮ ਤਬਦੀਲ ਕਰਕੇ 'ਨਾਮਧਾਰੀ ਸ਼ਹੀਦ ਹਾਕਮ ਸਿੰਘ ਸਰਕਾਰੀ ਮਿਡਲ ਸਕੂਲ ਮੌੜੇ' ਕਰ ਦਿਤਾ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪਿੰਡ ਦੇ ਸਰਪੰਚ ਸ੍ਰ. ਬਲਬੀਰ ਸਿੰਘ ਬਾਜਵਾ, ਪੰਚਾਇਤ ਮੈਬਰਾਂ, ਨਗਰ ਨਿਵਾਸੀਆਂ ਤੇ ਸਕੂਲ ਪ੍ਰਿੰਸੀਪਲ ਦਾ ਅਸੀਂ ਨਾਮਧਾਰੀ ਸੰਗਤ ਅੰਮ੍ਰਿਤਸਰ ਦੇ ਸੂਬਾ ਅਮਰੀਕ ਸਿੰਘ ਜੀ ਅਤੇ ਨਾਮਧਾਰੀ ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਕਰਦੇ ਹਾਂ। ਇਹ ਨਾਮਧਾਰੀ ਪੰਥ, ਪਿੰਡ ਅਤੇ ਇਲਾਕੇ ਲਈ ਬਹੁਤ ਫਖਰ ਭਰਪੂਰ ਕਾਰਜ ਹੈ ਕਿ ਸ਼ਹੀਦਾਂ ਦੀ ਸ਼ਹਾਦਤ ਦਾ ਨਾਮ ਉਸ ਵਿੱਦਿਆ ਦੇ ਮੰਦਰ ਨਾਲ ਜੁੜਿਆ ਹੈ, ਜਿੱਥੋਂ ਆਉਣ ਵਾਲੀਆਂ ਪੀੜੀਆਂ ਸਿੱਖਿਆ ਹਾਸਲ ਕਰਨ ਦੇ ਨਾਲ ਨਾਲ 150 ਸਾਲ ਪਹਿਲਾਂ ਆਪਣੇ ਪੂਰਵਜਾਂ ਦੁਆਰਾ ਦੇਸ਼, ਕੌਮ ਤੇ ਧਰਮ ਦੀ ਖਾਤਿਰ ਸ਼ਹਾਦਤ ਦੇ ਇਤਿਹਾਸ ਤੋਂ ਜਾਣੂੰ ਰਹਿਣਗੀਆਂ ਅਤੇ ਚੰਗੀ ਸੇਧ ਲੈ ਸਕਣਗੀਆਂ। ਪਿੰਡ ਦੇ ਸਰਪੰਚ ਅਤੇ ਸਕੂਲ ਮੁਖੀ ਨੂੰ ਸਿਰੋਪਾਓ ਅਤੇ ਸ਼ਹੀਦਾਂ ਦੇ ਇਤਿਹਾਸ ਦੀਆਂ ਕਿਤਾਬਾਂ ਤੇ ਫੋਟੋ ਦੇ ਕੇ ਮਾਨ-ਸਨਮਾਨ ਕੀਤਾ ਗਿਆ। ਇਹ ਸਾਰੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਦੀ ਹੈ ਜਿਨ੍ਹਾਂ ਨੇ ਸਾਨੂੰ ਸੇਵਾ ਕਰਨ ਦਾ ਮੌਕਾ ਬਖਸ਼ਿਆ।

**ਰਵਿੰਦਰ ਸਿੰਘ ਜੌਹਲ**

## ਸੰਤ ਦਿਆਲ ਸਿੰਘ ਸੱਗੂ ਚੜ੍ਹਾਈ ਕਰ ਗਏ

ਸੰਤ ਦਿਆਲ ਸਿੰਘ ਸੱਗੂ ਮੋਤੀ ਨਗਰ ਲੁਧਿਆਣਾ ਵਾਲੇ ਤਕਰੀਬਨ 90 ਸਾਲ ਦੀ ਉਮਰ ਭੋਗ ਕੇ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਸੰਤ ਦਿਆਲ ਸਿੰਘ ਜੀ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਬਖਸ਼ਿਸ਼ਾਂ ਦੇ ਪਾਤਰ ਰਹੇ। ਫਿਰ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਕ੍ਰਿਪਾ ਮੇਹਰ ਦੀਆਂ ਬੇਅੰਤ ਖੁਸ਼ੀਆਂ ਲਈਆਂ ਤੇ ਹੁਣ ਹਜੂਰ ਪਾਤਸ਼ਾਹ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਵੀ ਨਿਵਾਜੇ ਹੋਏ ਸਿੱਖ ਸਨ।



ਆਪ ਜੀ ਸਦਾ ਹੀ ਸਤਿਗੁਰੂ ਜੀ ਪ੍ਰਤੀ ਸਨਮੁਖ ਰਹੇ ਤੇ ਆਪਣੇ ਸਮੂਹ ਪਰਿਵਾਰ ਨੂੰ ਵੀ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜ ਕੇ ਰੱਖਿਆ। ਆਪ ਜੀ ਸੇਵਾ ਪ੍ਰਤੀ ਸੰਪੂਰਨ ਤੌਰ 'ਤੇ ਸਮਰਪਿਤ ਸਨ। ਇਸੇ ਕਰਕੇ ਸਤਿਗੁਰੂ ਜੀ ਵਲੋਂ ਸੇਵਾ ਲਈ ਆਏ ਹਰ ਹੁਕਮ ਨੂੰ ਉਹਨਾਂ ਨੇ ਖਿੜੇ ਮੱਥੇ ਸਵੀਕਾਰ ਕੀਤਾ। ਆਪ ਜੀ ਨਿੰਦਿਆ ਚੁਗਲੀ ਤੋਂ ਨਿਰਲੇਪ ਸਨ ਤੇ ਹਰ ਕਿਸੇ ਨਾਲ ਨਿਮਰਤਾ ਵਾਲਾ ਵਰਤਾਓ ਰੱਖਦੇ ਸਨ ਤੇ ਸਤਿਗੁਰੂ ਜੀ ਦੇ ਹਰ ਹੁਕਮ ਨੂੰ ਮੰਨਣ ਵਿੱਚ ਪਰਪੱਕ ਸਨ। ਸੰਗਤ ਅਤੇ ਗੁਰੂ ਘਰ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਤਿਗੁਰੂ ਉਦੇ ਸਿੰਘ ਜੀ ਨੇ ਉਹਨਾਂ ਨੂੰ ਸਿਰਪਾਓ ਦੀ ਬਖਸ਼ਿਸ਼ ਕਰਕੇ ਨਿਵਾਜਿਆ। 16-7-2021 ਨੂੰ ਉਹਨਾਂ ਨਮਿੱਤ ਪਾਠ ਦਾ ਭੋਗ ਬੰਗਲੌਰ ਵਿਖੇ ਸਤਿਗੁਰੂ ਜੀ ਦੀ ਹਜੂਰੀ ਵਿੱਚ ਪਾਇਆ ਗਿਆ ਤੇ ਸਭ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੇ ਹਰੀ ਮੰਦਰ ਵਿਖੇ ਆਨ-ਲਾਈਨ ਦਰਸ਼ਨ ਕੀਤੇ। ਭੋਗ ਉਪਰੰਤ ਹਰੀ ਮੰਦਰ ਸ੍ਰੀ ਭੈਣੀ ਸਾਹਿਬ ਵਿਖੇ

ਬੋਲਦਿਆਂ ਸੰਤ ਹਰਪਾਲ ਸਿੰਘ ਸੇਵਕ ਜੀ ਤੇ ਸੂਬਾ ਹਰਭਜਨ ਸਿੰਘ ਜੀ ਲੁਧਿਆਣਾ ਵਾਲਿਆਂ ਨੇ ਸੰਤਾਂ ਦੇ ਜੀਵਨ 'ਤੇ ਝਾਤ ਪਾਉਂਦਿਆਂ ਉਹਨਾਂ ਨੂੰ ਸ਼ਰਧਾਜਲੀ ਭੇਂਟ ਕੀਤੀ। ਪਰਿਵਾਰ ਵਲੋਂ ਇਸ ਮੌਕੇ ਸਤਿਜੁਗ ਲਈ ਸਹਾਇਤਾ ਦਿੱਤੀ ਗਈ।

**ਗੁਰਦੇਵ ਸਿੰਘ ਚੀਮਾ**

## ਆਨਲਾਈਨ ਸੰਮੇਲਨ ਦੀ ਇਨਾਮ ਵੰਡ ਅਤੇ ਸਾਈਕਲਿੰਗ ਈਵੈਂਟ

ਸਤਿਗੁਰੂ ਉਦੇ ਸਿੰਘ ਜੀ ਦੀ ਰਹਿਮਤ ਸਦਕਾ ਔਨਲਾਈਨ ਸੰਮੇਲਨ 2021 ਬੜੇ ਉੱਚੇ ਆਯਾਮ ਹਾਸਲ ਕਰਦਿਆਂ ਸੰਪੰਨ ਹੋਇਆ। ਵੱਡੀ ਗਿਣਤੀ ਵਿੱਚ ਪ੍ਰਤੀਯੋਗੀਆਂ ਨੇ ਹਰ ਮੁਕਾਬਲੇ 'ਚ ਵੱਧ ਚੜ੍ਹ ਕੇ ਹਿੱਸਾ ਲਿਆ।

ਸਤਿਗੁਰੂ ਜੀ ਦੀ ਰਜ਼ਾ ਮੁਤਾਬਕ ਜੇਤੂਆਂ ਨੂੰ ਸਤਿਗੁਰੂ ਜੀ ਦੇ ਦੌਰਿਆਂ ਸਮੇਂ੍ਹੀ ਇਨਾਮ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ। ਸਭ ਤੋਂ ਪਹਿਲਾਂ ਮਿਤੀ 3 ਅਗਸਤ 2021 ਨੂੰ ਸਿਰਸਾ ਇਲਾਕੇ ਦੇ ਜੇਤੂਆਂ ਨੂੰ ਨਾਮਧਾਰੀ ਗੁਰਦੁਆਰਾ ਸੰਤ ਨਗਰ ਵਿਖੇ ਸਵੇਰੇ ਆਸਾ ਦੀ ਵਾਰ ਉਪਰੰਤ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਇਨਾਮ ਦਿੱਤੇ ਗਏ।

ਬੀਬੀ ਸੁੰਦਰਜੀਤ ਕੌਰ ਨੇ ਮੰਚ ਤੋਂ ਬੱਚਿਆਂ ਦੇ ਨਾਮ ਅਨਾਊਂਸ ਕੀਤੇ। ਬੀਬੀ ਸਿਮਤੇਸ਼ਵਰ ਕੌਰ ਨੇ ਇਕ ਇਕ ਕਰ ਕੇ ਬੱਚਿਆਂ ਨੂੰ ਸਟੇਜ 'ਤੇ ਭੇਜਿਆ। ਇਸ ਮੌਕੇ 'ਤੇ ਕੇਂਦਰੀ ਸੇਵਾਦਾਰ ਗੁਰਮੀਤ ਸਿੰਘ ਚਾਨਾ, ਹਰਪਾਲ ਸਿੰਘ ਸ੍ਰੀ ਸਤਿਗੁਰੂ ਜੀ ਕੋਲ ਹਾਜ਼ਰ ਸਨ।

8 ਅਗਸਤ ਨੂੰ ਸਤਿਗੁਰੂ ਜੀ ਮੰਡੀ ਦੌਰੇ ਦੌਰਾਨ ਆਸਾ ਦੀ ਵਾਰ ਉਪਰੰਤ ਹਿਮਾਚਲ ਪ੍ਰਦੇਸ਼ ਦੇ ਮੰਡੀ, ਸੁੰਦਰ ਨਗਰ ਦੇ ਜੇਤੂ ਬੱਚਿਆਂ ਨੂੰ ਇਨਾਮ ਦੇਣ ਦੀ ਕਿਰਪਾ ਕੀਤੀ।

6 ਅਗਸਤ ਦਿਨ ਐਤਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬਖ਼ਸ਼ਿਸ਼ ਕਰ ਕੇ ਲੁਧਿਆਣਾ, ਨਵਾਂ ਸ਼ਹਿਰ ਅਤੇ ਸ੍ਰੀ ਭੈਣੀ ਸਾਹਿਬ ਦੇ ਜੇਤੂ ਬੱਚਿਆਂ ਨੂੰ ਇਨਾਮ ਦੇਣ ਦੀ ਕਿਰਪਾ ਕੀਤੀ। ਬੀਬੀ ਲਖਵਿੰਦਰ ਕੌਰ ਨੇ ਬੱਚਿਆਂ ਦੇ ਨਾਂਵਾਂ ਦੀ ਅਨਾਊਸਮੈਂਟ ਕੀਤੀ। ਗੁਰਦੇਵ ਸਿੰਘ ਚੀਮਾ ਜੀ ਨੇ ਤਰਤੀਬ ਵਾਰ ਇਨਾਮ ਵੰਡਾਏ। ਬੱਚਿਆਂ ਦੇ ਨਾਲ-ਨਾਲ ਮੁਕਾਬਲਿਆਂ ਦੇ ਜੱਜ ਸਾਹਿਬਾਨਾਂ ਨੂੰ ਸਨਮਾਨ ਦੇਣ ਦੀ ਕਿਰਪਾ ਕੀਤੀ- ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਕਵੀਸ਼ਰ ਗੁਰਸੇਵਕ ਸਿੰਘ, ਰਾਗੀ ਬਲਵੰਤ ਸਿੰਘ, ਜਸਵੰਤ ਸਿੰਘ ਮਸਤ, ਰਾਗੀ ਮਨਜੀਤ ਸਿੰਘ, ਰਾਗੀ ਸ਼ਾਮ ਸਿੰਘ ਆਦਿ।





15 ਅਗਸਤ ਦਾ ਦਿਨ ਬੜਾ ਵਿਸ਼ੇਸ਼ ਰਿਹਾ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਹਰਪਾਲ ਸਿੰਘ ਸੇਵਾਦਾਰ ਨੇ ਭਾਰਤ ਦੀ ਆਜ਼ਾਦੀ ਦੀ ਵਰ੍ਹੇਗੰਢ ਦੀ ਸਮੁੱਚੀ ਸੰਗਤ ਨੂੰ ਵਧਾਈ ਦੇਂਦਿਆਂ ਸਭ ਤੋਂ ਪਹਿਲਾਂ ਮੰਗਲਜੀਤ ਸਿੰਘ, ਪੁਸ਼ਪਿੰਦਰ ਸਿੰਘ, ਲਖਵਿੰਦਰ ਕੌਰ ਅਤੇ ਗੁਰਦੇਵ ਸਿੰਘ ਚੀਮਾ ਨੂੰ ਮੰਚ 'ਤੇ ਆਮੰਤ੍ਰਿਤ ਕੀਤਾ। ਜਿਨ੍ਹਾਂ ਨੇ ਸਤਿਗੁਰੂ ਜੀ ਨੂੰ ਸਾਈਕਲਿੰਗ ਲਈ ਤਿਆਰ ਕਰ ਕੇ ਲਿਆਂਦਾ ਵਿਸ਼ੇਸ਼ ਮੈਡਲ ਮਮੈਂਟੋ ਭੇਂਟ ਕੀਤਾ। ਉਪਰੰਤ ਬੀਬੀ ਲਖਵਿੰਦਰ ਕੌਰ ਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਹੋਈ ਵਿਸ਼ੇਸ਼ ਕੁਕਿੰਗ ਪ੍ਰਤੀਯੋਗਤਾ ਦੇ ਜੇਤੂਆਂ ਦੇ ਨਾਮ ਐਲਾਨੇ ਗਏ ਅਤੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਇਨਾਮ ਦੇਣ ਦੀ ਬਖਸ਼ਿਸ਼ ਕੀਤੀ। ਸੰਮੇਲਨ ਦੌਰਾਨ ਇਕ ਆਨਲਾਈਨ ਸਾਇਕਲਿੰਗਗ ਪ੍ਰਤੀਯੋਗਤਾ ਰੱਖੀ ਗਈ ਸੀ, ਜਿਸ ਵਿੱਚ ਸਟਰਾਵਾ ਐਪ ਰਾਹੀਂ ਪ੍ਰਤੀਯੋਗੀਆਂ ਨੇ ਹਿੱਸਾ ਲਿਆ ਸੀ। 50, 100, 200, 400, 600 ਕਿਲੋਮੀਟਰ ਦਾ ਟੀਚਾ ਹਾਸਲ ਕਰਨ ਵਾਲੇ ਕਰੀਬ 60 ਸਾਈਕਲ ਸਵਾਰਾਂ ਨੂੰ ਮੁਕਾਬਲੇ 'ਚ ਹਿੱਸਾ ਲੈਣ ਵਾਲੇ ਲੜਕੇ ਅਤੇ ਲੜਕੀਆਂ ਨੂੰ ਸੁੰਦਰ ਮੈਡਲ ਪ੍ਰਦਾਨ ਕੀਤੇ ਗਏ। ਸੂਬਾ ਬਲਜੀਤ ਸਿੰਘ ਮਾਨਸਾ ਨੇ 1000 ਕਿਲੋਮੀਟਰ ਤੋਂ ਵੱਧ ਸਾਈਕਲ ਚਲਾਇਆ। ਇਸ ਦੇ ਇਲਾਵਾ ਰਾਮਪੁਰਾ ਫੂਲ ਤੋਂ ਆਏ ਜੇਤੂਆਂ ਨੂੰ ਵੀ ਇਨਾਮ ਦਿੱਤੇ ਗਏ ਅਤੇ ਗੁਰਪ੍ਰੀਤ ਸਿੰਘ ਅਤੇ ਗੁਰਭਗਤ ਸਿੰਘ ਨੂੰ ਜੱਜਮੈਂਟ ਲਈ ਸਨਮਾਨ ਚਿੰਨ੍ਹ ਦਿੱਤੇ ਗਏ।

ਅੱਜ ਭਾਰਤ ਦੀ ਆਜ਼ਾਦੀ ਦੀ 75 ਵੀਂ ਵਰ੍ਹੇਗੰਢ ਵੀ ਸੀ ਅਤੇ ਦਿੱਲੀ, ਹਰਿਆਣਾ, ਪੰਜਾਬ, ਚੰਡੀਗੜ੍ਹ ਅਤੇ ਵੱਖ-ਵੱਖ ਇਲਾਕਿਆਂ ਤੋਂ ਨਾਮਧਾਰੀ ਸਾਈਕਲਸਵਾਰ ਵੀ ਆਏ ਹੋਏ ਸਨ। ਇਸ ਲਈ ਗੁਰਦੇਵ ਸਿੰਘ ਚੀਮਾ, ਮੰਗਲਜੀਤ ਸਿੰਘ ਅਤੇ ਪੁਸ਼ਪਿੰਦਰ ਸਿੰਘ ਕੂਕਾ ਨੇ ਸਾਰੇ ਜਥੇ ਲਈ ਸਾਈਕਲ ਦੀ 25 ਕਿਲੋਮੀਟਰ ਦੀ ਰਾਈਡ ਦਾ ਆਯੋਜਨ ਰੱਖਿਆ ਸੀ। ਸਾਰੇ ਸਾਈਕਲ ਸਵਾਰ ਕੋਠੀ ਦੇ ਗੇਟ ਅੱਗੇ ਕਤਾਰ ਬਣਾ ਤਿਆਰ ਸਨ। ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਸਹਿਤ ਸਾਈਕਲ ਸਵਾਰਾਂ ਕੋਲ ਆ ਕੇ ਤਸਵੀਰਾਂ ਖਿਚਵਾ ਰਾਈਡ ਦੀ ਆਗਿਆ ਪ੍ਰਦਾਨ ਕੀਤੀ। ਸੂਬਾ ਬਲਜੀਤ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਪ੍ਰੇਰਨਾਤਮਕ ਰਾਈਡ ਆਰੰਭ ਹੋਈ। ਕਰੀਬ ਚਾਲੀ ਤੋਂ ਵੱਧ ਸਾਈਕਲ ਸਵਾਰਾਂ ਨੇ ਇਸ 'ਚ ਹਿੱਸਾ ਲਿਆ। ਸਭ ਤੋਂ ਪਹਿਲਾਂ ਆਜ਼ਾਦੀ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਵਿਖੇ ਮੱਥਾ ਟੇਕ ਕੇ ਨੀਲੋਂ ਦੇ ਨਾਲ-ਨਾਲ ਗੜ੍ਹੀ ਦੇ ਪੁਲ ਤੱਕ ਫੇਰ ਨੀਲੋਂ ਵਾਲੇ ਡੇਰੇ ਤੋਂ ਹੋ ਕੇ ਭੈਣੀ ਸਾਹਿਬ ਆਣ ਪੁੱਜੇ।

ਉਪਰੰਤ ਪ੍ਰਸ਼ਾਦ ਪਾਣੀ ਛਕ ਬਾਹਰੋਂ ਆਏ ਸਾਈਕਲਸਵਾਰ ਆਪੋ ਆਪਣੇ ਘਰਾਂ ਨੂੰ ਵਾਪਸ ਪਰਤੇ ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਨਾਲ ਨਾਮਧਾਰੀ ਨੌਜੁਆਨ ਸੰਗਠਿਤ ਰੂਪ ਵਿੱਚ ਸਿੱਖੀ ਦੀ ਲੀਹ 'ਤੇ ਤੁਰਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਤਤਪਰ ਦਿਸਦੇ ਹਨ। **ਹਰਪਾਲ ਸਿੰਘ ਸੋਧੀ**

.................................................

## 15 ਅਗਸਤ ਨੂੰ ਆਜ਼ਾਦੀ ਦਾ 75ਵਾਂ ਸਮਾਗਮ

15 ਅਗਸਤ ਨੂੰ ਆਜ਼ਾਦੀ ਦਾ 75ਵਾਂ ਸਮਾਗਮ- **ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ** ਵਿਖੇ ਸੂਬਾ ਹਰਭਜਨ ਸਿੰਘ ਦੇ ਸਹਿਯੋਗ ਨਾਲ ਨਾਮਧਾਰੀ ਵਿੱਦਿਅਕ ਜੱਥਾ ਲੁਧਿਆਣਾ ਦੇ ਨੌਜਵਾਨਾਂ ਅਤੇ ਨਾਮਧਾਰੀ ਸੰਗਤ ਲੁਧਿਆਣਾ ਨੇ ਬੜੇ ਹੀ ਜੋਸ਼ ਭਰਪੂਰ ਅਤੇ ਬੜੀ ਹੀ ਧੂਮ-ਧਾਮ ਨਾਲ ਮਨਾਇਆ।

ਪਹਿਲਾ ਐਤਵਾਰ ਦਾ ਦਿਨ ਹੋਣ ਕਾਰਨ ਸਪਤਾਹਿਕ ਸਮਾਗਮ ਵੀ ਸੰਤ ਤਰਲੋਕ ਸਿੰਘ ਜੀ ਅਤੇ ਮਾਤਾ ਪ੍ਰੀਤਮ ਕੌਰ ਜੀ ਦੀ ਯਾਦ ਵਿੱਚ ਬਾਸੀਰ ਪਰਿਵਾਰ ਵੱਲੋਂ ਕੀਤਾ ਗਿਆ। ਅੰਮ੍ਰਿਤ ਵੇਲੇ 4:30 ਤੋਂ 7 ਵਜੇ ਤੱਕ ਫਗਵਾੜੇ ਵਾਲੀਆਂ ਬੱਚੀਆਂ ਅਮਨਦੀਪ ਕੌਰ (ਜਥੇਦਾਰਨੀ), ਤਜਿੰਦਰ ਕੌਰ, ਤਰਨ ਕੌਰ ਨੇ ਆਪਣੇ ਹੋਰ ਸਾਥੀਆਂ ਸਮੇਤ ਸੰਤ ਜਸਪਾਲ ਸਿੰਘ ਜੀ ਦੀ ਅਗਵਾਈ ਵਿੱਚ ਆਸਾ ਦੀ ਵਾਰ ਦਾ ਕੀਰਤਨ (ਨਾਮਧਾਰੀ ਸ਼ੈਲੀ ਉੱਚੀਆਂ ਸੁਰਾਂ ਵਿੱਚ) ਵਾਰੇ ਦੇ ਰੂਪ ਵਿੱਚ ਕੀਤਾ। ਉਪਰੰਤ ਸੂਬਾ ਸੰਦੀਪ ਸਿੰਘ ਜੀ ਕਰੀਵਾਲਾ ਵਾਲਿਆਂ ਨੇ ਪਿਆਰਾ ਸਿੰਘ, ਸੁਖਮਿੰਦਰ ਸਿੰਘ, ਗੰਗਾ ਸਿੰਘ ਅਤੇ ਜਥੇ ਦੇ ਹੋਰ ਮੈਂਬਰਾਂ ਸਮੇਤ ਬਹੁਤ ਹੀ ਆਨੰਦਮਈ ਰਸ ਭਰਪੂਰ ਦੀਵਾਨ ਲਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸੂਬਾ ਸੰਦੀਪ ਸਿੰਘ ਜੀ ਨੇ ਵਿਸਥਾਰ ਨਾਲ ਦੱਸਿਆ ਕਿ ਹੇ ਭਾਈ! ਤੂੰ ਇਸ ਸੰਸਾਰ ਉੱਤੇ ਆ ਕੇ ਜੋ ਵੀ ਕਰਮ ਕਰੇਂਗਾ- ਜੋ ਵੀ ਇਸ ਤਨ ਦੇਹੀ ਖੇਤੀ ਵਿਚ ਕਰਮਾਂ ਰੂਪੀ ਬੀਜ ਬੀਜੇਂਗਾ ਸੋਈ ਤੈਨੂੰ ਵੱਢਣਾ ਪੈਣਾ ਹੈ।

ਇਸੇ ਦੌਰਾਨ ਸੂਬਾ ਜੀ ਨੇ ਆਜ਼ਾਦੀ ਦੇ 75 ਵੇਂ ਦਿਵਸ ਦੇ ਸੰਬੰਧ ਵਿਚ ਆਜ਼ਾਦੀ ਦਾ ਇਤਿਹਾਸ ਦੱਸਦੇ ਹੋਏ ਕਿਹਾ ਕਿ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੇ ਸਾਹਮਣੇ ਜੋ ਅੰਗਰੇਜ਼ੀ ਹਕੂਮਤ ਵੱਲੋਂ ਗਊ ਬੱਧ ਕਰਨ ਲਈ ਬੁੱਚੜਖਾਨਾ

ਖੋਲ੍ਹਿਆ ਸੀ, ਗਊ ਘਾਤ ਹੋ ਰਿਹਾ ਸੀ। ਉਨ੍ਹਾਂ ਗਊਆਂ ਨੂੰ ਆਜ਼ਾਦ ਕਰਵਾਉਣ ਖਾਤਰ ਬੁੱਚੜਖਾਨੇ ਤੇ 14-15 ਜੂਨ 1871 ਨੂੰ ਹਮਲਾ ਕਰਕੇ ਬੁੱਚੜਾਂ ਨੂੰ ਸੋਧਿਆ, ਗਊਆਂ ਨੂੰ ਆਜ਼ਾਦ ਕਰਵਾਇਆ। ਬੁੱਚੜਾਂ ਨੂੰ ਮਾਰ ਮੁਕਾ ਕੇ, ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਆਏ ਤਾਂ ਅੱਗੋਂ ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਵਰਜਿਆ ਕਿ ਜੋ ਬੀਜ ਕੇ ਆਏ ਹੋ ਉਸ ਪੈਦਾ ਹੋਈ ਫਸਲ ਨੂੰ ਵਢੇ ਕੋਈ ਹੋਰ? ਭਾਵ ਕੇ ਬੁੱਚੜ ਤਾਂ ਤੁਸੀਂ ਮਾਰੇ ਹਨ ਅਤੇ ਉਸ ਦੀ ਸਜ਼ਾ ਬੇਗੁਨਾਹ ਝੱਲ ਰਹੇ ਹਨ। ਜਾਉ ਜਾ ਕੇ ਆਪਣੇ ਆਪ ਨੂੰ ਪੇਸ਼ ਕਰੋ, ਆਪਣਾ ਜੁਰਮ ਕਬੂਲ ਕਰੋ ਅਤੇ ਆਜ਼ਾਦੀ ਲਈ ਕੁਰਬਾਨੀ ਦਿਓ। ਸੋ ਨਾਮਧਾਰੀ ਸਿੰਘਾਂ ਬੀਹਲਾ ਸਿੰਘ, ਲਹਿਣਾ ਸਿੰਘ, ਹਾਕਮ ਸਿੰਘ ਅਤੇ ਫਤਹਿ ਸਿੰਘ ਨੇ ਦੇਸ਼ ਦੀ ਆਜ਼ਾਦੀ ਲਈ ਰਾਮ ਬਾਗ ਅੰਮ੍ਰਿਤਸਰ ਵਿਖੇ ਬੋਹੜ ਦੇ ਟਾਹਣੇ ਨਾਲ ਸ਼ਰ੍ਹੇਆਮ ਫਾਂਸੀ ਦੇ ਰੱਸੇ ਚੁੰਮ ਕੇ ਸ਼ਹਾਦਤਾਂ ਦਿੱਤੀਆਂ ਅਤੇ ਆਜ਼ਾਦੀ ਦਾ ਬਿਗਲ ਵਜਾ ਦਿੱਤਾ। ਇਸ ਤਰ੍ਹਾਂ ਰਾਏਕੋਟ, ਮਲੇਰਕੋਟਲੇ ਅਤੇ ਲੁਧਿਆਣੇ ਵਿਖੇ ਸ਼ਹਾਦਤਾਂ ਦਿੱਤੀਆਂ। ਅਖੀਰ ਇਹ ਆਜ਼ਾਦੀ 15 ਅਗਸਤ 1947 ਨੂੰ ਮਿਲੀ।



ਸੂਬਾ ਸੰਦੀਪ ਸਿੰਘ ਜੀ ਦੇ ਕੀਰਤਨ ਤੋਂ ਬਾਅਦ ਲੁਧਿਆਣੇ ਦੇ ਸ਼ਹੀਦੀ ਸਮਾਰਕ ਵਿਖੇ ਜੋ ਸ਼ਹੀਦੀ ਬੋਹੜ ਹੈ, ਉੱਥੇ ਸੂਬਾ ਹਰਭਜਨ ਸਿੰਘ ਜੀ, ਜਥੇ. ਜਸਬੀਰ ਸਿੰਘ, ਮਠਾੜੂ, ਗਿਆਨੀ ਜੋਗਿੰਦਰ ਸਿੰਘ, ਬਲਵੀਰ ਸਿੰਘ, ਸੂਬਾ ਸੰਦੀਪ ਸਿੰਘ, ਸਵਿੰਦਰ ਸਿੰਘ ਆਦਿ ਸਮੇਤ ਤਿਰੰਗਾ ਝੰਡਾ ਲਹਿਰਾ ਕੇ ਆਜ਼ਾਦੀ ਮਿਲਣ ਦੀ ਖੁਸ਼ੀ ਜ਼ਾਹਰ ਕੀਤੀ ਗਈ।

ਸੂਬਾ ਹਰਭਜਨ ਸਿੰਘ ਜੀ ਨੇ ਤਿਰੰਗਾ ਝੰਡਾ ਲਹਿਰਾਉਣ ਸਮੇਂ ਇਸ ਆਜ਼ਾਦੀ ਦੇ ਸੰਬੰਧ ਵਿਚ ਦੱਸਿਆ ਕਿ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਮੁੱਢ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਅੰਗਰੇਜ਼ ਸਰਕਾਰ ਵਿਰੁੱਧ ਨਾ-ਮਿਲਵਰਤਨ ਲਹਿਰ ਚਲਾ ਕੇ ਬੰਨ੍ਹਿਆ। ਸਤਿਗੁਰੂ ਜੀ ਨੇ ਅੰਗਰੇਜ਼ ਸਰਕਾਰ ਦੀ ਨੌਕਰੀ, ਉਨ੍ਹਾਂ ਦੇ ਚਲਾਏ ਸਕੂਲ, ਅਦਾਲਤਾਂ, ਰੇਲਾਂ ਦਾ ਅਤੇ ਡਾਕ ਤਾਰ ਦਾ ਸੰਪੂਰਨ ਬਾਈਕਾਟ ਕਰਵਾ ਕੇ ਇਸ ਆਜ਼ਾਦੀ ਦੇ ਘੋਲ ਵਿੱਚ ਹਿੱਸਾ ਪਾਇਆ। ਸੈਂਕੜੇ ਨਾਮਧਾਰੀ ਸਿੰਘ ਸ਼ਹੀਦ ਹੋਏ, ਹਜ਼ਾਰਾਂ ਨੂੰ ਕਾਲੇ ਪਾਣੀਆਂ ਦੀ ਸਜ਼ਾ ਹੋਈ। ਜੇਹਲੀਂ ਗਏ ਅਤੇ ਸ਼ਹਾਦਤਾਂ ਪਾਈਆਂ। ਸਤਿਗੁਰੂ ਜੀ ਦੇ ਪਾਏ ਪੂਰਨਿਆਂ ਤੇ ਹੀ ਫਿਰ ਸ਼ਹੀਦ ਭਗਤ ਸਿੰਘ, ਸੁਖਦੇਵ ਸਿੰਘ, ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਜੀ ਦੀਆਂ ਦਿੱਤੀਆਂ ਕੁਰਬਾਨੀਆਂ ਕਾਰਨ ਭਾਰਤ ਦੇਸ਼ ਆਜ਼ਾਦ ਹੋਇਆ। ਇਸੇ ਵੇਲੇ ਹੀ ਜਥੇਦਾਰ ਪਿਆਰਾ ਸਿੰਘ ਜੀ ਨੇ ਆਪਣੇ ਸਾਥੀਆਂ ਸਮੇਤ ਰਾਸ਼ਟਰ ਗਾਨ ਪੜ੍ਹਿਆ। ਉਪਰੰਤ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸਵਿੰਦਰ ਸਿੰਘ ਨਾਮਧਾਰੀ**

## ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਨਾਮ ਸਿਮਰਨ ਜਪੁ ਪ੍ਰਯੋਗ ਆਰੰਭ

**ਲੁਧਿਆਣਾ 29 ਅਗਸਤ 2021**- ਹਰ ਸਾਲ ਦੀ ਤਰ੍ਹਾਂ ਅੱਸੂ ਮਹੀਨੇ ਦਾ ਜੱਪ ਪ੍ਰਯੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ 16 ਸਤੰਬਰ ਤੋਂ 17 ਅਕਤੂਬਰ ਤੱਕ ਹੋਣ ਜਾ ਰਿਹਾ ਹੈ। ਇਸ ਮਹਾਨ ਯੱਗ ਵਿੱਚ ਹਰ ਨਾਮਧਾਰੀ ਗੁਰਸਿੱਖ ਸ਼ਾਮਲ ਹੋਣ ਲਈ ਸ੍ਰੀ ਭੈਣੀ ਸਾਹਿਬ ਆਉਣਾ ਚਾਹੁੰਦਾ ਹੈ, ਪਰ ਕਾਰ-ਵਿਹਾਰ ਅਤੇ ਪਰਿਵਾਰਕ ਰੁਝੇਵਿਆਂ ਕਾਰਨ ਕਈ ਗੁਰਸਿੱਖ ਇਸ ਮਹਾਨ ਯੱਗ ਵਿੱਚ ਸ੍ਰੀ ਭੈਣੀ ਸਾਹਿਬ ਨਹੀਂ ਆ ਸਕਦੇ। ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਹਰ ਸ਼ਹਿਰ, ਹਰ ਪਿੰਡ ਵਿੱਚ ਨਾਮਧਾਰੀ ਗੁਰਸਿੱਖ ਇਕੱਠੇ ਹੋ ਜੱਪ ਪ੍ਰਯੋਗ ਸ਼ੁਰੂ ਕਰ ਲੈਂਦੇ ਹਨ। ਸੋ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਸੂਬਾ ਹਰਭਜਨ ਸਿੰਘ, ਗਿਆਨੀ ਜੋਗਿੰਦਰ ਸਿੰਘ ਜੀ ਦੇ ਉੱਦਮ ਸਦਕਾ ਲੁਧਿਆਣੇ ਦੀ ਸਾਧ-ਸੰਗਤ ਨੇ 29 ਅਗਸਤ 2021 ਦਿਨ ਐਤਵਾਰ ਤੋਂ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਅੰਮ੍ਰਿਤ ਵੇਲੇ 4 ਵਜੇ ਜੱਪ ਪ੍ਰਯੋਗ ਸ਼ੁਰੂ ਕੀਤਾ। ਅਰਦਾਸ ਸੰਤ ਦਇਆ ਸਿੰਘ ਜੀ ਨੇ ਕੀਤੀ।

ਬਾਲ, ਨੌਜਵਾਨ ਤੇ ਬਜ਼ੁਰਗ ਸਭ ਗੁਰਸਿੱਖਾਂ ਨੇ ਸਣਕੇਸੀਂ ਇਸ਼ਨਾਨ ਕਰਕੇ, ਕਈਆਂ ਨੇ ਅੰਮ੍ਰਿਤ ਛਕ, ਸੋਧ ਰੱਖ, ਮਹੀਨਾ ਭਰ ਜਾਂ ਸਦਾ ਲਈ ਬਾਜ਼ਾਰੀ ਖਾਣਾ ਤਿਆਗ, ਘਰ ਦਾ ਹੀ ਮਰਯਾਦਾ ਅਨੁਸਾਰ ਲੰਗਰ ਛਕਣ ਦਾ ਇਰਾਦਾ ਕਰ, ਇਸ ਨਾਮ ਸਿਮਰਨ ਜਪੁ ਪ੍ਰਯੋਗ ਵਿਚ ਹਿੱਸਾ ਲੈਂਦੇ ਹਨ।

4 ਵਜੇ ਤੋਂ 4:30 ਵਜੇ ਤੱਕ ਸਾਰੀ ਸੰਗਤ ਨੇ ਨਾਮ ਸਿਮਰਨ ਕੀਤਾ ਅਤੇ ਫਿਰ 4:30 ਤੋਂ 6:15 ਤੱਕ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਸੰਤ ਸੁਖਵਿੰਦਰ ਸਿੰਘ ਲਾਇਲ, ਜਥੇਦਾਰ ਅਮਰੀਕ ਸਿੰਘ, ਜਥੇਦਾਰ ਮਨਜੀਤ ਸਿੰਘ, ਗੁਰਸੇਵਕ ਸਿੰਘ, ਹਰਨਾਮ ਸਿੰਘ, ਆਸਾ ਸਿੰਘ, ਹਰਜੀਤ ਸਿੰਘ, ਸੁੰਦਰ ਸਿੰਘ ਹੋਰਾਂ ਨੇ ਬਹੁਤ ਹੀ ਰਸ ਮਈ ਉੱਚੀਆਂ ਸੁਰਾਂ ਵਿੱਚ ਕੀਤਾ। 6:15 ਵਜੇ ਨਾਮ ਸਿਮਰਨ ਦੀ ਅਰਦਾਸ ਉਪਰੰਤ 6 ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਵਿੱਚ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੋਰ ਚੜ੍ਹਦੀ ਕਲਾ ਲਈ ਪਾਏ ਗਏ। ਉਪਰੰਤ ਜਥੇਦਾਰ ਕਮਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਰਸ ਮਈ ਕੀਰਤਨ ਕੀਤਾ।

ਜਥੇਦਾਰ ਜੀ ਨੇ ਜੱਪ ਪ੍ਰਯੋਗ ਦੀ ਅਰੰਭਤਾ ਦੇ ਕਾਰਨ ਦੱਸੇ ਕਿ ਕਿਵੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਤੋਂ ਪਹਿਲਾਂ 1906 ਈ. ਵਿਚ ਪਹਿਲਾ ਜੱਪ ਪ੍ਰਯੋਗ ਨੀਲੋਂ ਨਹਿਰ ਦੇ ਕੰਢੇ 'ਤੇ ਲਗਾਤਾਰ 40 ਦਿਨ ਕੀਤਾ। ਪਹਿਲਾਂ ਜਪ ਪ੍ਰਯੋਗ ਵਿੱਚ ਕੇਵਲ ਸਿੰਘ ਹੀ ਸ਼ਾਮਲ ਹੁੰਦੇ ਸਨ, ਫੇਰ ਮਾਤਾ ਭੁਪਿੰਦਰ ਕੌਰ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਅਰਜ਼ ਕਰਕੇ ਮਾਈਆਂ ਨੂੰ ਵੀ ਜਪ-ਪ੍ਰਯੋਗ ਕਰਨ ਦੀ ਆਗਿਆ ਲੈ ਕੇ ਦਿੱਤੀ।



ਨਾਮ-ਸਿਮਰਨ ਕਰਦੀ ਹੋਈ ਸਾਧ-ਸੰਗਤ

ਸੂਬਾ ਹਰਭਜਨ ਸਿੰਘ ਜੀ ਦੇ ਅਰਜ਼ ਕਰਨ 'ਤੇ ਫ਼ੋਨ ਰਾਹੀਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਜੋ ਕਿ ਇਸ ਵੇਲੇ ਬੰਗਲੌਰ ਵਿਖੇ ਕਿਰਪਾ ਕਰ ਰਹੇ ਹਨ, ਸੰਗਤ ਨੂੰ ਪਵਿੱਤਰ ਉਪਦੇਸ਼ ਦੇ ਕੇ ਨਿਹਾਲ ਕੀਤਾ।

ਇਹ ਜਪੁ ਪ੍ਰਯੋਗ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ 29 ਅਗਸਤ ਤੋਂ 10 ਅਕਤੂਬਰ ਤੱਕ ਚੱਲੇਗਾ। ਕੋਰੋਨਾ ਮਹਾਂਮਾਰੀ ਕਾਰਨ ਸਾਧ-ਸੰਗਤ ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਕ ਐਤਵਾਰ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਜਪੁ ਪ੍ਰਯੋਗ ਕਰਿਆ ਕਰੇਗੀ ਅਤੇ ਹਫ਼ਤੇ ਦੇ ਬਾਕੀ ਛੇ ਦਿਨ ਘਰਾਂ ਵਿੱਚ ਹੀ ਨਾਮ ਸਿਮਰਨ ਕਰਿਆ ਕਰੇਗੀ। ਹਾਜ਼ਰੀ ਅੰਮ੍ਰਿਤ ਵੇਲੇ ਨਾਮ ਸਿਮਰਨ ਗਰੁੱਪ ਵਿੱਚ ਵ੍ਹੱਟਸਐਪ ਮੋਬਾਇਲ ਫੋਨਾਂ 'ਤੇ ਹੀ ਲੱਗੇਗੀ। ਪਹਿਲੇ ਦਿਨ ਦੀ ਹਾਜ਼ਰੀ 850 ਦੇ ਕਰੀਬ ਸੀ। ਇਸ ਮੇਲੇ ਦੀ ਸੇਵਾ ਸੰਤ ਸਵਿੰਦਰ ਸਿੰਘ ਲੁਧਿਆਣਾ ਦੇ ਪਰਿਵਾਰ ਨੇ ਕੀਤੀ। ਸਮਾਪਤੀ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸਵਿੰਦਰ ਸਿੰਘ ਲੁਧਿਆਣਾ**

ਨਾਮਧਾਰੀ ਸ਼ਹੀਦ ਹਾਕਮ ਸਿੰਘ ਦੇ ਨਾਮ 'ਤੇ ਰੱਖਿਆ ਗਿਆ, ਪਿੰਡ ਮੋੜੇ ਦੇ ਸਰਕਾਰੀ ਸਕੂਲ ਦਾ ਨਾਮ




ਨਾਮਧਾਰੀ ਸ਼ਹੀਦੀ ਸਮਰਾਕ ਲੁਧਿਆਣਾ ਵਿਖੇ ਜਪ-ਪ੍ਰਯੋਗ ਦੀ ਸ਼ੁਰੂਆਤ





Date of Publication: 6 September 2021
Date of Posting: 8 September 2021

RNI NO.55658/93
LDM/008/2021-2023

# ਨਾਮ ਸਿਮਰਨ ਜਪ ਪ੍ਰਯੋਗ ੨੦੨੧

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ

**16 ਸਤੰਬਰ 2021 ਤੋਂ 17 ਅਕਤੂਬਰ 2021,**
**ਸ੍ਰੀ ਭੈਣੀ ਸਾਹਿਬ, ਲੁਧਿਆਣਾ**

– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.